ਮਾਸਕ ੧ੳ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥


# ਸੂਰਾ

ਅੰਮ੍ਰਿਤਸਰ

## ਭਾਈ ਤਾਰੂ ਸਿੰਘ ਜੀ ਸ਼ਹੀਦ

AUG 1989

ਅਗਸਤ ੧੯੮੯



ਖੋਪਰੀ ਲੁਹਾ ਲਈ, ਪਰ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਇਆ

www.AKJ.Org

ਡੀ.ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ 3/70-68-4 (ਅ.ਪ.) ਮਿਤੀ 17.10.68 ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਭਗਤਾਂ ਤੇ ਸੈਸਾਰੀਆਂ ਜੋੜ੍ਹ ਕਦੇ ਨ ਆਇਆ | ੩ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਚਰਨ ਕਮਲ ਕੀ ਮਉਜ (੪) | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਜਾਪੁ ਸਾਹਿਬ ਵਿਚ ਅਕਾਲ ਪੁਰਖ ਦਾ ਸਰੂਪ | ੧੦ | ਸ: ਇਕਬਾਲ ਸਿੰਘ ਜੀ |
| ਗੁਰਮਤਿ ਨਾਮ ਤੇ ਕਿਰਤਮ ਨਾਮ | ੧੧ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਜਹਾਂ ਜਹਾਂ ਖ਼ਾਲਸਾ ਜੀ ਸਾਹਿਬ | ੧੪ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਗਲਿ ਪਾਥਰ ਕੈਸੇ ਤਰੈ ਅਥਾਹ | ੧੬ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕਿਰਾਏ ਦੇ ਪਾਠ | ੧੯ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਤੇ ਜੋਤਿ | ੨੨ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਗੁਰੂ ਹਰਿ ਗੋਬਿੰਦ ਸਾਹਿਬ ਦਾ ਦੂਜਾ ਜੰਗ (ਵਾਰ) | ੨੫ | ਸ: ਅਤਰ ਸਿੰਘ ਜੀ ਨੀਰ |
| ਮੀਰੀ ਪੀਰੀ ਅਤੇ ਰਾਜ ਸਾਜ | ੨੭ | – – – |
| ਭੂਰਿਆਂ ਵਾਲੇ ਰਾਜੇ ਕੀਤੇ | ੩੧ | ਕੈਪਟਿਨ ਸਵਰਨ ਸਿੰਘ ਜੀ |
| ਗੁਰਦੁਆਰਾ ਸਾਹਿਬ ਨਾਭਾ (ਪਿੰਡ) | ੩੬ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਧਾਰਮਕ ਪੱਖ ਤੋਂ ਸ਼ਰਾਬ | ੩੮ | ਪ੍ਰਿੰਸੀਪਲ ਸਨਮੁਖ ਸਿੰਘ ਜੀ ਅਮੋਲ |


## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਕੰਵਲਜੀਤ ਸਿੰਘ, ਨੂਰ ਮਹੱਲ | | ਚੜ੍ਹਾਵਾ ਸਮਾਗਮ | ੨੧੧-00 |
| ਪਰਵਾਰ ਭਾਈ ਸਨਮੁਖ ਸਿੰਘ, ਜਬਲਪੁਰ | | ਭਾਈ ਸਾਹਿਬ ਸਨਮੁਖ ਦੀ ਯਾਦ ਵਿਚ | ੫00-00 |
| ਸ: ਜੋਗਿੰਦਰ ਸਿੰਘ, ਮੋਗਾ | | ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿਚ | ੨੧-00 |
| ਸ: ਅਜੀਤ ਸਿੰਘ, ਅਮਰੀਕਾ | | ਬੀਬੀ ਬਲਬੀਰ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੧੮੭-00 |
| | | ਸ: ਪਰਮਵੀਰ ਸਿੰਘ, ਨਡਾਲੀ | ੫0-00 |
| ਸੂਬੇਦਾਰ ਅਵਤਾਰ ਸਿੰਘ, ਮਹੂ | ੫0-00 | ਸ: ਹਰਜੀਤ ਸਿੰਘ, ਮੇਰਠ | ੧00-00 |
| ਸ: ਹਰਬੰਸ ਸਿੰਘ ਚਾਵਲਾ, ਦਿਲੀ | ੫੧-00 | ਸ: ਹਰਦਿਆਲ ਸਿੰਘ ਜੋਹਰ, ਵੈਨਕੋਵਰ | ੧00-00 |
| ਸ: ਦੇਵ ਸਿੰਘ ਬੈਸ, ਕੈਨੇਡਾ | ੬੩੩-00 | ਸ: ਰਣਜੋਧ ਸਿੰਘ, ਰੇਡਿੰਗ ਯੂ. ਕੇ. | ੧੨੫-00 |

[ਜੁਲਾਈ ਸੂਰਾ ਵਿਚ ਸੋਧ—੨੦੧/- ਸ: ਨਿਰਮਲ ਸਿੰਘ ਦੀ ਥਾਂ ਸ: ਨਰਿੰਦਰ ਸਿੰਘ ਪੜ੍ਹੋ ।]

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧-੮-੬੯ ਨੂੰ ਪ੍ਰਕਾਸ਼ਤ ਕੀਤਾ ।

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ


ਸਾਲਾਨਾ ਚੰਦਾ

ਦੇਸ ੧੫-੦੦

ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦

ਹਵਾਈ ਡਾਕ ੧੦੦-੦੦

Foreign Subscription

Sea Mail 40-00

Air Mail 100-00

ਅਮਾਨਤੀ

ਲਾਈਫ਼ ਮੈਂਬਰ

ਦੇਸ ੧੫੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੪੦੦-੦੦

ਹਵਾਈ ਡਾਕ ੧੦੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਅਗਸਤ ੧੯੯੯ ਅੰਕ ੮


## ਭਗਤਾਂ ਤੈ ਸੈਸਾਰੀਆਂ ਜੋੜੁ ਕਦੇ ਨ ਆਇਆ

ਖ਼ਾਲਸਾ ਜ਼ੋਰ-ਜ਼ੁਲਮ ਦਾ [illegible] ਕਰਨ ਲਈ ਅਤੇ ਧਰਤੀ ਉਤੇ ਧਰਮ ਦਾ ਰਾਜ ਸਥਾਪਿਤ ਕਰਨ ਲਈ ਅਕਾਲ ਪੁਰਖ ਦੀ ਫ਼ੌਜ ਹੈ। ਫ਼ੌਜੀ ਕਰਤੱਵ ਦੀ ਪਾਲਨਾ ਲਈ 'ਖ਼ਾਲਸਾ' ਰਫ਼ਤਾਰ, ਦਸਤਾਰ ਅਤੇ ਗੁਫ਼ਤਾਰ, ਅਥਵਾ, ਖ਼ੁਰਾਕ, ਪੁਸ਼ਾਕ ਤੇ ਇਖ਼ਲਾਕ ਦੇ ਅਧਾਰ ਤੇ ਹੋਰ ਸੰਸਾਰੀ ਜੀਵਾਂ ਤੋਂ ਵਿਲੱਖਣ ਹੈ। ਗੁਰ-ਫ਼ੁਰਮਾਨ ਹੈ- ਭਗਤਾਂ ਤੈ ਸੈਸਾਰੀਆਂ ਜੋੜੁ ਕਦੇ ਨ ਆਇਆ ॥੧੬॥ [ਵਾਰ ਮਾਝ-੧੪੫

ਭਗਤ 'ਲਿਵ' ਦਾ ਪਾਂਧੀ ਹੈ ਅਤੇ ਸੰਸਾਰੀ 'ਧਾਤ' ਦੇ ਰਾਹ ਦਾ। ਦੋਵੇਂ ਰਸਤੇ ਇਕ ਦੂਜੇ ਦੇ ਬਿਲਕੁਲ ਮੁਖ਼ਾਲਫ਼ (ਉਲਟ) ਦਿਸ਼ਾ ਵਾਲੇ ਹਨ, ਅਤੇ ਦੋਹਾਂ ਰਸਤਿਆਂ ਤੇ ਚਲਣ ਵਾਲਿਆਂ ਲਈ ਸਫ਼ਰ ਦੇ ਕਾਇਦੇ-ਕਾਨੂੰਨ ਵਖੋ ਵਖ ਹਨ।

'ਭਗਤਾਂ' ਦੀ ਜੀਵਨ-ਚਾਲ ਆਦਿ ਕਾਲ ਤੋਂ ਹੀ ਨਿਰਾਲੀ ਰਹੀ ਹੈ। ਜਦ ਕਿ ਬਾਕੀ ਸੰਸਾਰੀ ਜੀਵ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਕੇ ਜ਼ਮਾਨੇ ਦੀ ਚਾਲ ਚਲਦੇ ਹਨ, ਉਥੇ ਭਗਤ ਜਨ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਸਦਾ ਛਾਤੀ ਨਾਲ ਲਾਈ ਰਖਦੇ ਹਨ ਅਤੇ ਜੀਵਨ ਪ੍ਰਯੰਤ ਇਹਨਾਂ ਤੇ ਪਹਿਰਾ ਦੇਂਦਿਆਂ, ਹਰ ਕੁਰਬਾਨੀ ਲਈ ਤਤਪਰ ਰਹਿੰਦੇ ਹਨ। ਇਹ ਬੜਾ ਬਿਖਮ ਰਾਹ ਹੈ, ਪਰ ਜਿਸ ਕਿਸੇ ਨੇ ਅੰਦਰਲੇ ਲੁਪਤ-ਗੁਪਤ ਅਮੋਲਕ ਖ਼ਜ਼ਾਨੇ ਪ੍ਰਾਪਤ ਕਰਨ ਦਾ ਟੀਚਾ ਮਿਥਿਆ ਹੁੰਦਾ ਹੈ, ਉਸ ਨੂੰ ਕਠਨਾਈ ਝਲਣੀ ਹੀ ਪੈਂਦੀ ਹੈ। [ਭਾਈ ਜੋਗਿੰਦਰ ਸਿੰਘ ਜੀ ਤਲਵਾੜਾ




www.AKJ.Org

# ਚਰਨ ਕਮਲ ਕੀ ਮਉਜ (੪)

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

**ਗੁਰਬਾਣੀ ਦੀ ਅਕੱਥ ਕਥਾ–**

ਧੁਰੋਂ ਆਈ ਗੁਰਬਾਣੀ ਦੀ ਅਕੱਥ ਕਥਾ ਨੂੰ, ਜੋ ਗੁਰੂ ਨਾਨਕ ਸਾਹਿਬ ਦੇ ਘਰ ਤੱਤ ਦੇ ਗਿਆਨੀ, ਖਾਸ ਗੁਰਮਤਿ ਗਿਆਨੀ ਹਨ, ਓਹ ਇਸ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪ ਜਪ ਕੇ ਹੀ ਜੀਂਵਦੇ ਹਨ। ਗੁਰਬਾਣੀ ਨੂੰ ਜਪਣਾ, ਜਪੀ ਜਾਣਾ, ਇਸ ਜੀਵਨ-ਆਧਾਰ ਅੰਮ੍ਰਿਤ ਬਾਣੀ ਦਾ ਪਾਠ ਕਰਨਾ ਅਤੇ ਪ੍ਰੇਮ-ਪਾਠ ਕਰੀ ਜਾਵਣਾ ਹੀ ਗੁਰਬਾਣੀ ਦੀ ਅਕੱਥ ਕਥਾ ਹੈ। ਅਕੱਥ ਕਥਾ ਸੋ, ਜੋ ਕਥਨੀ ਬਦਨੀ ਵਿਚ ਨਾ ਆ ਸਕੇ; ਕੇਵਲ ਜਪੀ ਪੜੀ ਹੀ ਪਰਵਾਨ ਹੋਵੇ। ਅੰਮ੍ਰਿਤ ਰੂਪ ਗੁਰਬਾਣੀ ਦਾ ਜਪਣਾ ਪਠਣਾ ਹੀ ਪਾਰਸ-ਕਲਾ ਸੰਪੰਨ ਹੈ।

**ਗੁਰਮਤਿ ਗਿਆਨੀ–**

ਗੁਰਮਤਿ ਗਿਆਨੀ ਓਹੀ ਹਨ ਜੋ ਪਿਛੇ ਦਿਤੇ ਸ਼ਬਦ 'ਬਿਲਾਵਲੁ ਮਹਲਾ ੫' ਦੀ ਪਿਛਲੀ ਤੁਕ "ਕਹੁ ਨਾਨਕ ਜਪਿ ਜੀਵੈ ਗਿਆਨੀ" ਅਨੁਸਾਰ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪਿ ਜਪਿ, ਕੇਵਲ ਜਪਿ ਜਪਿ (ਪਾਠ ਕਰਿ ਕਰਿ) ਹੀ ਜੀਂਵਦੇ ਹਨ ਅਤੇ ਚਰਨ ਕੰਵਲਾਂ ਦੇ ਰਜੀਏ ਥੀਂਵਦੇ ਹਨ।

ਅਗਲੇ ਗੁਰਵਾਕ ਦੁਆਰਾ ਗੁਰੂ ਸਾਹਿਬ ਫੇਰ ਓਹੀ ਗੁਰਮਤਿ ਆਸ਼ਾ ਦ੍ਰਿੜ੍ਹਾਉਂਦੇ ਹਨ ਕਿ ਪਲ ਪਲ, ਨਿਮਖ ਨਿਮਖ, ਸਾਸਿ ਸਾਸਿ ਵਾਹਿਗੁਰੂ ਨਾਮ ਦਾ ਜਪਣਾ, ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦੰਤਰ ਧਿਆਵਣਾ ਹੈ। ਯਥਾ ਗੁਰਵਾਕ–

ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥ ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥
ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥ ਕਵਨ ਸੁਮਤਿ ਜਿਤੁ ਪ੍ਰੀਤਮੁ ਪਾਵਉ ॥੧॥ਰਹਾਉ॥
ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥ ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥੨॥੧॥੧੯॥

[ਬਿਲਾਵਲੁ ਮਹਲਾ ੫, ੮੦੬

ਪ੍ਰੀਤਮ ਵਾਹਿਗੁਰੂ ਦੇ ਪਾਵਣ ਨੂੰ ਗੁਰਮਤਿ-ਮਤਿ ਸੁਮਤੜੀ ਇਹੀ ਹੈ ਕਿ ਉਸ ਦੇ ਨਾਮ ਨੂੰ ਕਿਸੇ ਵਕਤ ਭੀ ਵਿਸਾਰਿਆ ਨਾ ਜਾਵੇ ਅਤੇ ਇਕੋ ਨਾਮ-ਪ੍ਰਭੂਤੀ-ਚਰਨ-ਕੰਵਲਾਂ ਦਾ ਧਿਆਨ-ਸਿਮਰਨ ਸੁਆਸਿ ਸੁਆਸਿ ਕੀਤਾ ਜਾਵੇ। ਖਿਨ ਪਲ ਘੜੀ ਮੂਰਤ ਚਸਾ ਭੀ ਵਿਸਾਹ ਨਾ ਕੀਤਾ ਜਾਵੇ। ਅਤੇ ਐਸੀ ਕਿਰਪਾ ਦਾ ਪਾਤਰ ਹੋਣ ਲਈ ਬਿਨੇ ਅਰਦਾਸ ਕਰਨ ਦਾ ਸੁਭਾਉ ਭੀ ਪਕਾਇਆ ਜਾਵੇ। ਇਸ ਬਿਧ ਕੀਤੀਆਂ ਅਰਦਾਸਾਂ ਬੇਨਤੀਆਂ ਦੁਆਰਾ ਜਦ ਨਾਮ ਅਭਿਆਸ ਪੱਕ ਜਾਵੇ ਅਤੇ ਵਾਹਿਗੁਰੂ ਦੇ ਚਰਨ ਕੰਵਲ ਆਪਣੇ ਜੋਤਿ ਸਰੂਪੀ ਜਮਾਲ ਵਿਚ ਜਿਸ ਵਡਭਾਗੇ ਗੁਰਮੁਖ ਜਨ ਦੇ ਹਿਰਦੇ ਅੰਦਰ ਆ ਉਤਰਨ ਅਤੇ ਵਿਚੇ ਵਸ ਜਾਣ ਤਾਂ ਓਹ ਜਨ ਫੇਰ ਕਦੇ ਨਹੀਂ ਡੋਲਦਾ, ਸਦਾ ਸਦਾ ਨਾਮ ਅਭਿਆਸ ਦੀਆਂ ਸਹਿਜ ਕਮਾਈਆਂ ਵਿਚ ਅਸਥਿਰ ਰਹਿੰਦਾ ਹੈ। ਉਹ ਸਹਿਜ ਸਹਿਜ ਇਕ-ਰਸ ਵਾਹਿਗੁਰੂ-ਜਸ ਉਚਾਰਦਾ ਹੋਇਆ ਨਾਮ ਵਿਚ ਲਿਵਲੀਨ ਰਹਿੰਦਾ ਹੈ। ਉਸ ਨੂੰ ਨੌਂ ਨਿਧੀਆਂ ਦੇ ਸਾਰੇ ਸੁਖ ਆਣ ਪ੍ਰਾਪਤ ਹੁੰਦੇ ਹਨ। ਯਥਾ ਗੁਰਵਾਕ–

ਚਰਨ ਕਮਲ ਜਾ ਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ ॥
ਮਾਨੌ ਸਭ ਸੁਖ ਨਉ ਨਿਧਿ ਤਾ ਕੈ ਸਹਜਿ ਸਹਜਿ ਜਸੁ ਬੋਲੈ ਦੇਵ ॥ਰਹਾਉ॥੧੨॥

[ਬਿਲਾਵਲੁ ਕਬੀਰ, ਪੰਨਾ ੮੫੭


www.AKJ.Org

## *ਸੂਖਮ ਦੁਨੀਆ—

ਜਿਨ੍ਹਾਂ ਨੂੰ ਦਿੱਬ ਦ੍ਰਿਸ਼ਟੀ ਲੋਇਣ ਗੁਰਪ੍ਰਸਾਦਿ ਕਰਿ ਪ੍ਰਾਪਤ ਨਹੀਂ ਹੋਏ, ਉਹਨਾਂ ਨੂੰ ਏਹਨਾਂ ਦਿੱਬ ਲਤੀਫ਼ੀ ਸੂਖਮ ਚਰਨ ਕੰਵਲਾਂ ਦਾ ਦਰਸਾਰ ਇਕ ਅਲੌਕਿਕ ਅਤੇ ਅਣ-ਹੋਣੀ ਗੱਲ ਪਰਤੀਤ ਹੁੰਦੀ ਹੈ। ਉਹ ਆਪਣੀ ਸਥੂਲ ਦ੍ਰਿਸ਼ਟੀ ਕਰਿ ਕੇਵਲ ਸਥੂਲ ਚਰਨਾਂ ਦਾ ਹੀ ਅਨੁਮਾਨ ਲੱਗਾ ਸਕਦੇ ਹਨ। ਸਥੂਲ ਦ੍ਰਿਸ਼ਟਮਾਨ ਪਸਾਰੇ ਤੋਂ ਪੁੰਦ (ਪਰੇ) ਉਹਨਾਂ ਨੂੰ ਹੋਰ ਕੋਈ ਸੂਖਮ ਦੁਨੀਆ ਨਹੀਂ ਦੀਹਦੀ। ਉਹ ਵਿਚਾਰੇ ਆਪਣੇ ਸਥੂਲ ਦ੍ਰਿਸ਼ਟੰਨੇ ਪੰਜ-ਭੂਤਕ ਪਸਾਰੜੀਏ ਅਲਪੱਗ ਤੁਜਰਬੇ ਅੰਦਰ ਆਈ ਸਚਾਈ ਤੋਂ ਬਾਹਰ ਹੋਰ ਕਿਸੇ ਅਦ੍ਰਿਸ਼ਟ ਪਦਾਰਥ ਦੀ ਅਜ਼ਗੈਬੀ ਹੋਂਦ ਵਾਲੀ ਸਚਾਈ ਨੂੰ ਨਹੀਂ ਮੰਨਦੇ । ਇਸ ਕਰਕੇ ਉਹ ਰਿਦੰਤਰ ਵਸਣਹਾਰੇ ਚਰਨਾਂ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦੇ ਹਨ । ਮੰਨਦੇ ਹਨ ਤਾਂ ਅਲੰਕਾਰਕ ਸ਼ੁਸ਼ਕ-ਸਚਾਈ ਕਰਕੇ ਮੰਨਦੇ ਹਨ। ਤੱਤ ਪਰਮਾਰਥੀ ਦਿੱਬ ਦਰਸਾਰਿਆਂ ਦੇ ਪੇਖਨਹਾਰੇ, ਸਾਂਗੋ ਪਾਂਗ ਪੇਖਨਹਾਰੇ ਸਤਿ ਪੁਰਖ ਜੋ ਸਚਾਈ ਨਿਰੂਪਨ ਕਰਾਉਂਦੇ ਹਨ, ਓਹੀ ਕੇਵਲ ਓਹੀ ਸਚਾਈ ਹੀ ਸਤਿ ਹੈ, ਕਿਉਂਕਿ ਓਹ ਸਤਿ ਪੁਰਖ ਸੰਤ ਜਨ ਓਹੀ ਕੁਛ ਮੁਖੋਂ ਉਚਰਦੇ ਬੋਲਦੇ ਹਨ ਜੋ ਕੁਛ ਕਿ ਓਹ ਆਪਣੀ ਅੱਖੀਂ ਪਰਤੱਖ ਦੇਖਦੇ ਹਨ। ਇਸ ਪਰਥਾਇ ਇਹ ਗੁਰਵਾਕ ਖ਼ੂਬ ਘਟਦਾ ਫਬਦਾ ਹੈ :—

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥੨੫॥੩੬॥

[ਰਾਮਕਲੀ ਮਹਲਾ ੫, ਪੰਨਾ ੯੮੪

ਤਾਂ ਤੇ ਓਹਨਾਂ ਦਾ ਚਰਨਾਰਬਿੰਦ-ਵਾਹਿਗੁਰੂ-ਚਰਨ-ਕੰਵਲ-ਨਿਰੂਪਨੀ ਤਜਰਬਾ ਸਤਿ ਹੈ, ਕਿਉਂਕਿ ਓਹਨਾਂ ਖ਼ੁਦ ਇਸ ਨੂੰ ਅਜ਼ਮਾਦਿਆ ਹੈ ਤੇ ਆਪਣੀਆਂ ਨਿਜ ਅੱਖੀਆਂ ਨਾਲ ਪੇਖਿਆ ਪਰਖਿਆ ਹੈ।

## ਅਕਾਲ ਪੁਰਖ ਦਾ ਦਰਸ਼ਨ—

ਓਹਨਾਂ ਨੂੰ ਵਾਹਿਗੁਰੂ ਦੇ ਦਿੱਬ-ਜੋਤਿ-ਲਤੀਫ਼ ਸਰਿਸ਼ਤੀ ਚਰਨ ਕੰਵਲਾਂ ਦਾ ਨਜ਼ਾਰਾ ਪ੍ਰਗਟ ਪਹਾਰੇ ਜਾਪਦਾ ਹੈ। ਕੇਵਲ ਚਰਨ ਕੰਵਲ ਹੀ ਨਹੀਂ, ਦਿੱਬ-ਜੋਤਿ ਸੂਖਮੀ ਚਰਨਾਰਬਿੰਦ ਹੀ ਨਹੀਂ, ਸਗੋਂ ਉਹ ਤਾਂ ਵਾਹਿਗੁਰੂ ਦੇ ਮੁਖਾਰ-ਬਿੰਦ ਨੂੰ ਭੀ ਸਾਂਗੋ ਪਾਂਗ ਪਰਤੱਖ ਪੇਖਦੇ ਹਨ । ਜੈਸਾ ਕਿ ਇਸ ਗੁਰਵਾਕ ਅੰਦਰਿ ਨਿਰੂਪਨ ਹੈ :-

ਅਵਿਲੋਕਉ ਰਾਮ ਕੋ ਮੁਖਾਰਬਿੰਦ ॥ ਖੋਜਤ ਖੋਜਤ ਰਤਨੁ ਪਾਇਓ ਬਿਸਰੀ ਸਭ ਚਿੰਦ ॥੧॥ ਰਹਾਉ ॥
ਚਰਨ ਕਮਲ ਰਿਦੇ ਧਾਰਿ ॥ ਉਤਰਿਆ ਦੁਖੁ ਮੰਦ ॥੧॥ ਰਾਜੁ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ ॥
ਸਾਧ ਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ ॥੨॥੧੩॥੩੨॥

[ਕਾਨੜਾ ਮਹਲਾ ੫, ਪੰਨਾ ੧੩੦੪

ਪੇਖਨਹਾਰਾ ਗੁਰਮੁਖ਼ ਸਤਿ ਪੁਰਖ ਸੰਤ ਜਨ ਵਾਹਿਗੁਰੂ ਦੇ ਮੁਖਾਰਬਿੰਦ ਦੀ ਸੋਭਾ ਪੇਖ ਕੇ ਪੁਕਾਰਿ ਪੁਕਾਰਿ ਉਚਾਰਨ ਕਰਦਾ ਹੈ ਕਿ ਮੈਂ ਰਮਤ ਰਾਮ ਵਾਹਿਗੁਰੂ ਦੇ ਮੁਖਾਰਬਿੰਦ (ਮੁਖ ਕੰਵਲ) ਨੂੰ ਪੁਨਹਿ ਪੁਨਹਿ ਪੇਖਦਾ ਹਾਂ, ਇਕ ਟਕ ਲਾ ਕੇ ਵਿਸੇਖ ਬਿਸਮ ਦ੍ਰਿਸ਼ਟੀ ਨਾਲ ਗਹੁ ਕਰ ਕੇ ਦੇਖਦਾ ਹਾਂ ਅਤੇ ਵੇਖਿ ਵੇਖਿ ਵਿਸਮਾਦ ਹੋ ਹੋ ਜਾਂਦਾ ਹਾਂ । ਇਸ ਬਿਸਮ-ਕ੍ਰਾਂਤੀ ਮੁਖਾਰਬਿੰਦ ਦਾ ਅਵਿਲੋਕਨ ਕਿਵੇਂ ਅਤੇ ਕਿਥੋਂ ਪ੍ਰਾਪਤ ਹੋਇਆ ? ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ, ਘਟ ਅੰਤਰਿ ਹੀ ਪਰਤੱਖ ਦਿਦਾਰਾ ਪ੍ਰਾਪਤ ਹੋਇਆ। ਸੁਆਸ ਅਭਿਆਸੀ ਰਸ-ਪਵਨ-ਵਿਗਾਸੀ ਨਾਮ ਦਾ ਬਿਲੋਵਨਾ ਬਿਲੋਇ ਬਿਲੋਇ ਇਸ ਪਾਰਸ ਰਸਾਇਣ

---

* ਇਸ ਤੋਂ ਉਪਰਲਾ ਮੈਟਰ 'ਜੁਲਾਈ ੮੭, ਸੂਰਾ' ਵਿਚਲੇ ਇਸ ਲੇਖ-ਲੜੀ ਦੇ ਅੰਤਲੇ ਸ਼ਬਦ ਦੀ ਵਿਆਖਿਆ ਹੈ।



www.AKJ.Org

ਨਾਮ ਅਭਿਆਸ ਕਮਾਈ ਦਾ ਇਹ ਚਮਤਕਾਰਿ ਰਿਦੰਤਰ ਹੀ ਅੰਕੂਰਤ ਹੋਇਆ ਕਿ ਇਹ ਨਾਮ, ਜੋਤਿ-ਰਤਨ ਪਦਾਰਥੀ ਵਿਗਾਸ ਵਿਚ, ਘਟ ਅੰਤਰ ਹੀ ਪ੍ਰਤਿ-ਬਿੰਬਤ ਹੋ ਕੇ ਪ੍ਰਾਪਤ ਹੋਇਆ :-

ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਿਗੁਰ ਸਬਦਿ ਸਮਾਇਆ ॥੧॥ਰਹਾਉ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥
ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥
ਕਹੁ ਨਾਨਕ ਸਚੁ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥

[ਗਉੜੀ ਮਾਲਾ ਮਹਲਾ ੫, ਪੰਨਾ ੨੧੫

ਇਸ ਲਾਲ ਰਤਨ ਦੇ ਪਾਉਣ ਕਰਿ ਤਨੁ ਮਨੁ ਸਭੁ ਸੀਤਲ ਹੋ ਗਿਆ । ਤ੍ਰਿਸ਼ਨਾ ਭੁਖ ਸਭ ਲਹਿ ਗਈ। ਚਿੰਤਾ ਸਾਰੀ ਦੂਰ ਹੋ ਗਈ ਅਤੇ ਰਿਦ ਅੰਤਰ ਹੀ ਤ੍ਰਿਪਤ ਹੋ ਕੇ ਐਸੇ ਰੱਜ ਗਏ ਕਿ ਫੇਰ ਤ੍ਰਿਸਨੁ ਤ੍ਰਿਖਾਤਰ ਹੋ ਕੇ ਭਰਮਣਾ ਡੋਲਣਾ ਸਭੁ ਚੁਕ ਗਿਆ । ਸਤਿਗੁਰੂ ਜੀ ਨੇ ਨਾਮ-ਨਿਧਾਨੀ ਐਸਾ ਅਖੁੱਟ ਖਜ਼ਾਨਾ ਬਖਸ਼ਿਆ ਹੈ ਕਿ ਜਿਸ ਦੀ ਕਦੇ ਤੋਟ ਨਹੀਂ ਆਉਂਦੀ ਤੇ ਜੋ ਨਾ ਕਦੇ ਮੁਕਦਾ ਹੈ । ਏਸ ਨਾਮ-ਨਿਧਾਨੀ ਬਰਕਤ ਦਾ ਇਕ ਹੋਰ ਅਚਰਜ ਕਉਤਕ ਇਹ ਵਰਤਿਆ ਹੈ ਕਿ ਇਸ ਨਾਮ-ਰਤਨ ਦੇ ਜੋਤਿ-ਪ੍ਰਕਾਸ਼ੀ ਕ੍ਰਿਸ਼ਮੇ ਨੇ ਜਦੋਂ ਭਰਮ ਦੇ ਸਾਰੇ ਛਉੜ ਕਟ ਕੇ ਪੜਦੇ ਲਾਹ ਸੁਟੇ ਤਾਂ ਘਟ ਅੰਤਰ ਹੀ ਵਾਹਿਗੁਰੂ ਦੇ ਜੋਤੀ-ਸਰੂਪ ਸਮੁਚੇ ਦਰਸ਼ਨ ਦੀਦਾਰ ਨਿਹਾਰ ਲਏ । ਮੁਖਾਰਬਿੰਦੀ ਦਿਦਾਰਿਆਂ ਦਾ ਐਸਾ ਪ੍ਰਕਾਸ਼ ਹੋਇਆ ਕਿ ਹੋਰ ਸਭ ਕੁਝ ਵਿਸਰ ਕੇ ਬਿਸਮਾਦ ਹੀ ਬਿਸਮਾਦ ਛਾ ਗਿਆ, ਪਰ ਇਹ 'ਅਚੰਭਉ', ਇਹ ਅਸਚਰਜ ਰੂਪ, ਕਹਿਨ ਕਥਨ ਤੋਂ ਅਗੋਚਰਾ ਹੈ । ਬਸ ਪੇਖਾ ਹੀ ਪ੍ਰਵਾਨ ਹੈ, ਯਾ ਜਿਸ ਨੇ ਇਸ ਅਸਚਰਜ ਰੂਪ ਪੇਖਨੀ ਬਿਸਮਾਦ ਰਸ ਨੂੰ ਚਖਿਆ ਹੈ, ਸੋਈ ਜਨ ਇਸ ਦੇ ਸੁਆਦ ਨੂੰ ਜਾਣ ਸਕਦਾ ਹੈ । ਸੁਆਦ ਨੂੰ ਜਾਣ ਮਾਣ ਹੀ ਸਕਦਾ ਹੈ, ਵਰਨਣ ਨਹੀਂ ਕਰ ਸਕਦਾ । ਇਸ ਸੱਚ ਬਿਸਮਾਦੀ ਬਿਗਾਸ ਮਈ ਅਜਰ ਪਦਾਰਥ ਨੂੰ ਗੁਰੂ ਦੀ ਕਿਰਪਾ ਦੁਆਰਾ ਹੀ ਜ਼ਰ ਜਰ ਕੇ ਅੰਤਰ-ਗਤਿ ਰਖ ਕੇ ਸੰਭਾਲ ਸਕੀਦਾ ਹੈ ।

"ਅਵਿਲੋਕਉ ਰਾਮ ਕੋ ਮੁਖਾਰਬਿੰਦ ॥"

ਸ਼ਬਦ ਅਨੁਸਾਰ ਗੋਬਿੰਦ ਦਰਸ਼ਨ ਹੀ ਦਰਸ-ਵਿਗਾਸੀ ਗੁਰਮੁਖ ਜਨਾਂ ਦਾ ਰਾਜ, ਧੰਨ, ਪ੍ਰਵਾਰ, ਸਰਬੰਸ, ਸਭ ਕੁਛ ਇਹੀ ਹੈ । ਗੋਬਿੰਦ ਚਰਨਾਰਬਿੰਦ ਨੂੰ ਰਿਦ ਅੰਤਰਿ ਉਤਾਰਨ ਕਰਿ, ਸਭ ਚਿੰਦ ਦੁਖ ਦੰਦ ਦੂਰ ਹੋ ਗਏ । ਅਮੋਘ ਮੁਖਾਰਬਿੰਦੀ ਦਰਸ਼ਨ ਦਿਦਾਰ ਦੀ ਮਹਿਮਾ ਤਾਂ ਅਤਿ ਅਧਿਭੁਤ ਪਰਮ ਅਧਿਭੁਤ ਤੇ ਅਗਾਧ ਬੋਧ ਹੈ । ਚਰਨ ਕੰਵਲਾਰੀ ਅਤੇ ਮੁਖਾਰਬਿੰਦਾਰੀ ਅਮੋਘ ਦਰਸ਼ਨਾਂ ਦੇ ਪਦ ਨੂੰ ਪ੍ਰਾਪਤ ਹੋਏ ਜਨਾਂ ਪ੍ਰਥਾਇ ਹੀ "ਨਾਨਕ ਫਿਰਿ ਨ ਮਰੰਦ" ਵਾਲਾ ਘਟਨਾਉ ਘਟ ਸਕਦਾ ਹੈ ।

## ਚਰਨ ਕੰਵਲ ਦੀ ਮਉਜ ਦੀ ਸਮੁੱਚੀ ਵਿਆਖਿਆ—

ਚਰਨ ਕੰਵਲ ਸੰਗਿ ਲਗੜੀ ਪ੍ਰੀਤਿ ਦਾ ਇਹ ਪਤੀਆਰਾ ਹੈ ਕਿ ਚਰਨ ਕੰਵਲਾਂ ਦੀ ਪ੍ਰੀਤਿ ਵਾਲੇ ਪ੍ਰੀਤ-ਭਉਰੇ-ਆਸ਼ਕਾਂ ਦੀ ਸਗਰੀ ਦੁਰਮਤਿ-ਰੀਤਿ ਦੂਰ ਹੋ ਜਾਂਦੀ ਹੈ । ਬਸ ਓਹਨਾਂ ਦੇ ਮਨ ਤਨ ਅੰਤਰਿ ਕੇਵਲ ਵਾਹਿਗੁਰੂ ਮੰਤਰ ਦਾ ਜੋਤਿ-ਵਿਗਾਸੀ-ਅਭਿਆਸ ਹੀ ਰਮ ਰਿਹਾ ਹੁੰਦਾ ਹੈ । ਗੁਰੂ ਨਾਨਕ ਸਾਹਿਬ ਦੇ ਅਜਿਹੇ ਭਗਤਾਂ ਦੇ ਘਰ-


www.AKJ.Org

ਘਟ ਅੰਤਰਿ ਸਦਾ ਆਨੰਦ ਹੀ ਆਨੰਦ ਖਿੜਿਆ ਰਹਿੰਦਾ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :-

ਚਰਨ ਕਮਲ ਸਗਿ ਲਾਗੀ ਪ੍ਰੀਤਿ ॥ ਬਿਸਰਿ ਗਈ ਸਭ ਦੁਰਮਤਿ ਰੀਤਿ ॥
ਮਨ ਤਨ ਅੰਤਰਿ ਹਰਿ ਹਰਿ ਮੰਤੁ ॥ ਨਾਨਕ ਭਗਤਨ ਕੈ ਘਰਿ ਸਦਾ ਆਨੰਦੁ ॥ ਪੰਨਾ ੮੦੨

ਨਿਤਾਪ੍ਰਤਿ, ਖਿਨ ਖਿਨ, ਸੁਆਸ ਸੁਆਸ, ਅਭਿਆਸੀ ਜਨ, ਜੋ ਅੰਮ੍ਰਿਤ-ਨਾਮ ਨੂੰ ਰਸਨਾ ਕਰਕੇ ਰਟਦੇ ਜਪਦੇ ਹਨ, ਇਸ ਰਟਨ ਜਪਣ ਦੇ ਪ੍ਰਤਾਪ ਕਰਿ ਪ੍ਰਥਮ ਤਾ ਚਰਨ ਕੰਵਲਾਂ ਸੰਗਿ ਪ੍ਰੀਤਿ ਉਪਜਦੀ ਹੈ, ਗੁਰੂ ਘਰ ਦੀ ਇਹ ਨਿਰਾਲੀ ਹੀ ਰੀਤ ਹੈ, ਫੇਰ ਏਸ ਪ੍ਰੀਤਿ ਕਰਕੇ ਦੁਰਮਤਿ-ਰੀਤ ਵਾਲੇ ਸਾਰੇ ਭਉ ਦੂਰ ਹੋ ਜਾਂਦੇ ਹਨ ਅਤੇ ਨਿਰਭਉ ਵਾਹਿਗੁਰੂ ਅਕਾਲ ਪੁਰਖ ਆਪ ਰਿਦੇ ਵਿਚ ਵਸਦਾ ਹੈ :—

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੁਰ ਪੂਰੇ ਕੀ ਨਿਰਮਲ ਰੀਤਿ ॥
ਭਉ ਭਾਗਾ ਨਿਰਭਉ ਮਨਿ ਬਸੈ ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ॥੩॥
[ਰਾਮਕਲੀ ਮਹਲਾ ੫, ਪੰਨਾ ੮੯੩

ਪਰ ਇਹ ਗੱਲ ਸੱਚ ਹੈ ਤੇ ਪਰਮ ਸੱਚ ਹੈ ਕਿ :—

ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥੩॥੧੧॥੧੧੩॥
[ਆਸਾ ਮਹਲਾ ੫, ਪੰਨਾ ੩੯੯

ਕਿਸੇ ਵਿਰਲੇ ਨੇ ਹੀ ਚਰਨ ਕੰਵਲਾਂ ਸੰਗਿ ਸਚੜਾ ਨੇਹੁ ਲਾਇਆ ਹੈ। ਸਚੜ ਨੇਹੁ ਵਾਲੇ ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਚਰਨ ਕੰਵਲਾਂ ਦਾ ਸਚੜਾ ਜਲਵਾ ਮਾਣਿਆ ਹੁੰਦਾ ਹੈ। ਚਰਨ ਕੰਵਲ ਪ੍ਰੇਮੀਅੜੇ ਚਰਨਾਂ ਦੇ ਆਸਰੇ ਹੀ ਜੀਉਂਦੇ ਹਨ।

## ਸਫਲ ਸੇਵਾ-

ਅਲਖ ਅਭੇਵ ਪ੍ਰਭੂ ਦੀ ਸਿਮਰਨ ਰੂਪ ਸਚੀ ਸੇਵਾ, ਚਰਨ ਕੰਵਲ ਸੰਗਿ ਸਚੜਾ ਰੰਗ ਲਾਉਣ ਨੂੰ ਪਾਰਸ-ਚੁੰਭਕੀ-ਕਲਾ ਸਪੰਨ ਹੈ। ਚਰਨ ਕੰਵਲਾਂ ਦੇ ਰੰਗਾਂ ਵਿਚ ਰਮ ਕੇ ਹੀ ਪਾਰਬ੍ਰਹਮ ਗੁਰਦੇਵ ਦੇ ਅਚਰਜ ਰੂਪ ਦੇ ਸਾਂਗੋ ਪਾਂਗ ਦਰਸ਼ਨ-ਰੰਗ ਮਾਣੀਦੇ ਹਨ। ਨਹੀਂ ਤਾਂ ਇਹ ਅਸਚਰਜ ਜੋਤਿ-ਸਰੂਪੀ ਅਰੂਪ-ਰੂਪ, ਅਦ੍ਰਿਸ਼ਟ ਅਤੇ ਅਗਮ ਅਗੋਚਰ ਹੀ ਰਹਿੰਦਾ ਹੈ। ਐਸੇ ਪੁਰਖ-ਦਾਤਾਰ-ਵਾਹਿਗੁਰੂ ਦੇ ਨਾਮ ਨੂੰ ਸਦਾ ਸੁਆਸਿ ਸੁਆਸਿ ਸਿਮਰਦੇ ਹੀ ਰਹਿਣਾ ਅਤੇ ਇਸ ਬਿਧਿ ਉਸ ਅਪਰ ਅਪਾਰੀ ਪੁਰਖ ਨਿਰੰਕਾਰ ਨੂੰ ਕਦੇ ਨ ਵਿਸਾਰਨਾ ਪਰਮ ਉਤਮ ਗੁਰਮਤਿ ਰਸਕ ਰਸਾਇਣੀ ਸਫਲ ਸੇਵਾ ਹੈ। ਯਥਾ ਗੁਰਵਾਕ :—

ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥
ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥੨॥
ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ॥
ਜਾ ਕਉ ਕਿਰਪਾ ਕਰਹੁ ਪ੍ਰਭ ਤਾ ਕਉ ਲਾਵਹੁ ਸੇਵ ॥੩॥
[ਬਿਲਾਵਲੁ ਮਹਲਾ ੫, ਪੰਨਾ ੮੧੪

ਐਸੇ ਅਮੋਘ ਦਰਸ਼ਨਾਂ ਨੂੰ ਪੇਖ ਕੇ, ਅਤੇ ਚਰਨ ਕੰਵਲਾਂ ਦੀ ਸੋਭਾ ਨੂੰ ਸਿਞਾਣ ਕੇ ਹੀ ਚਰਨ ਕੰਵਲਾਂ ਦੇ ਰਸੀਏ ਗੁਰਸਿਖ-ਭਉਰੜੇ ਸਤਿਸੰਗ ਕੀਰਤਨ-ਸਮਾਗਮਾਂ ਵਿਚ ਮਿਲ ਕੇ ਚਰਨ ਕੰਵਲਾਂ ਦੇ ਰਸ ਭੋਜਨ ਅਤੇ ਦਰਸ਼ਨਾ ਦੇ ਅੰਮ੍ਰਿਤ-ਰਸ ਨੂੰ ਭੁੰਚ ਭੁੰਚ ਕੇ ਅਘਾਉਂਦੇ ਹਨ। ਯਥਾ ਗੁਰਵਾਕ :-

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ਰਹਾਉ॥
ਕਰਿ ਕਿਰਪਾ ਅਪੁਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥


www.AKJ.Org

ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥
ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥
ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤ ਸੰਗਿ ਮਿਲਾਤ ॥੨॥੪॥੮੪॥

[ਬਿਲਾਵਲੁ ਮ: ੫, ਪੰਨਾ ੮੨੦

ਖ਼ੂਬ ਨੀਕੀ ਸਤਿਸੰਗ ਦੀ ਮਹਿਮਾ ਇਸ ਗੁਰਵਾਕ ਅੰਦਰ ਨਿਰੂਪਨ ਹੋਈ ਹੈ। ਸਤਿਸੰਗਤ ਵਿਚ ਮਿਲ ਕੇ ਹੀ ਗੁਰੂ ਘਰ ਦੇ ਗੁਰਮੁਖ ਸੰਤਾਂ ਦੁਆਰਾ ਵਾਹਿਗੁਰੂ ਦੀ ਵਾਰਤਾ, ਲੀਲ੍ਹਾ ਦਾ ਸੁਣਨਾ ਸਾਲਾਹੁਣਾ ਪ੍ਰਾਪਤ ਹੁੰਦਾ ਹੈ। ਹੋਰ ਤਾਂ ਕਿਤੇ ਨਹੀਂ, ਕਿਉਂਕਿ ਗੁਰੂ ਘਰ ਦੇ ਸੱਚੇ ਸੰਤ-ਸਮਾਗਮ ਵਿਖੇ ਵਾਹਿਗੁਰੂ ਦੀ ਕਥਾ, ਵਾਹਿਗੁਰੂ ਦੇ ਕੀਰਤਨ, ਅਰਥਾਤ ਗੁਰਬਾਣੀ ਰੂਪ ਵਾਹਿਗੁਰੂ ਦਾ ਜਸ ਗੁੰਫਨ ਗਾਵਨ ਰੂਪੀ ਕਥਾ ਕੀਰਤਨ ਦਾ ਆਨੰਦ ਮੰਗਲ, ਅਨਹਦ ਧੁਨੀ ਦੀ ਝੁਣਕਾਰ ਵਿਚ ਦਿਨ ਰਾਤ ਲਗਾਤਾਰ ਅਪਣੇ ਪੂਰਨ ਵੇਗ ਅੰਦਰਿ ਜਾਰੀ ਰਹਿੰਦਾ ਹੈ। ਜਿਨ੍ਹਾਂ ਨੂੰ ਗੁਰੂ ਕਰਤਾਰ ਨੇ ਆਪਣੀ ਅਪਾਰ ਕਿਰਪਾ ਕਰ ਕੇ, ਆਪਣੇ ਪੰਨੇ ਪਾਇ ਕੇ ਅਪਣਾ ਲਿਆ ਹੈ, ਆਪਣਾ ਕਰ ਲਿਆ ਹੈ, ਆਪਣਾ ਸੇਵਕ ਬਣਾ ਲਿਆ ਹੈ, ਤਿਨ੍ਹਾਂ ਨੂੰ ਹੀ ਨਾਮ ਦੀ ਅਮੋਲਕ ਦਾਤਿ ਮਿਲੀ ਹੈ। ਅਜਿਹੇ ਨਾਮ-ਦਾਤਿ-ਪ੍ਰਾਪਤੀ ਵਾਲੇ ਗੁਰਮੁਖ ਜਨ ਅਠੋ ਪਹਿਰ ਵਾਹਿਗੁਰੂ ਦੇ ਗੁਣ ਗਾਵਣ ਵਿਚ ਤਤਪਰ ਹੋ ਕੇ ਲਗੇ ਰਹਿੰਦੇ ਹਨ। ਇਸ ਅਠੋ ਪਹਿਰ ਗੁਣ ਗਾਵਣ ਦੇ ਪਾਰਸ ਪ੍ਰਭਾਵ ਕਰਿ, ਤਿਨ੍ਹਾਂ ਗੁਰਮੁਖ ਜਨਾਂ ਦੇ ਤਨ ਸਰੀਰ ਵਿਚੋਂ ਕਾਮ ਕ੍ਰੋਧ ਆਦਿਕ ਪੰਜੇ ਦੂਤ ਨਿਕਲ ਜਾਂਦੇ ਹਨ, ਮਨ ਨਿਰਮਲ ਹੋ ਜਾਂਦਾ ਹੈ ਅਤੇ ਅੰਤਰ-ਆਤਮੇ ਜੋਤਿ ਵਿਗਾਸ ਦਾ ਪ੍ਰਕਾਸ਼ ਭੀ ਆਣ ਵੁਠਦਾ ਹੈ ਅਤੇ ਅੰਤਰਗਤ ਝਾਤ ਮਾਰ ਕੇ ਜਦ ਪੇਖਨਹਾਰੇ ਪ੍ਰਭੂ-ਦਰਸ਼ਨਾਂ ਨੂੰ ਪੇਖਦੇ ਹਨ ਤਾਂ ਹਰਿ-ਦਰਸ਼ਨ ਅੰਮ੍ਰਿਤ-ਰਸ-ਭੋਜਨ ਖਾਇ ਕੇ ਹੀ ਅਘਾਇ ਰਹਿੰਦੇ ਹਨ ਅਤੇ ਇਸ ਅੰਮ੍ਰਿਤ-ਰਸ ਵਿਚ ਮਖ਼ਮੂਰ, ਰਜ-ਚੂਰ ਹੋ ਕੇ ਇਹੋ ਹੀ ਬੇਨਤੀਆਂ ਕਰਦੇ ਹਨ ਕਿ ਹੇ ਗੁਰੂ ਨਾਨਕ ਨਿਰੰਕਾਰੀ ! ਆਪਣੀ ਅਪਾਰ ਕਿਰਪਾ ਕਰ ਕੇ ਸਾਨੂੰ ਇਸ ਨਿਰੰਕਾਰ-ਨਾਮ-ਆਧਾਰੀ-ਸਤਿਸੰਗਤ ਵਿਚ ਹੀ ਮਿਲਾਈ ਰਖ, ਅਤੇ ਵਾਹਿਗੁਰੂ ਸਾਹਿਬ ਦੇ ਚਰਨ ਕੰਵਲਾਂ ਵਿਚ ਹੀ ਸਮਾਈ ਰਖ ! ਵਾਹਿਗੁਰੂ ਦੇ ਚਰਨ ਕੰਵਲਾਂ ਵਿਚ ਅਹਿਨਿਸਿ ਸਮਾਏ ਰਹਿਣ ਵਾਲੇ ਗੁਰਮੁਖਾਂ ਦੇ ਚਰਨਾਂ ਵਿਚ ਅੰਮ੍ਰਿਤ-ਆਕ੍ਰਖਣੀ-ਪਰਸ-ਪਾਰਸ-ਕਲਾ ਆਇ ਸਮਾਉਂਦੀ ਹੈ। ਵਿਸ਼ੇਸ਼ ਕਰਿ ਗੁਰੂ ਸਤਿਗੁਰੂ ਕਲਾਧਾਰੀ ਦੇ ਚਰਨ ਕੰਵਲਾਂ ਵਿਚ ਤਾਂ ਖਾਸ ਤੌਰ ਤੇ ਇਹ ਅੰਮ੍ਰਿਤ-ਰਸਾਇਣੀ-ਪਾਰਸ-ਕਲਾ ਪਰਵੇਸ਼ ਕਰ ਗਈ ਹੋਈ ਹੁੰਦੀ ਹੈ।

ਸਤਿਗੁਰੂ ਦੇ ਚਰਨ ਕੰਵਲਾਂ ਦੀ ਮਹਿਮਾ ਪ੍ਰਥਾਇ ਸਿਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਿਆ ਸੁੰਦਰ ਕਬਿੱਤ ਉਚਾਰਨ ਕੀਤੇ ਹਨ। ਯਥਾ :-

(੧) ਚਰਨ ਕਮਲ ਰਜ ਮਸਤਕਿ ਲੇਪਨ ਕੈ, ਭਰਮ ਕਰਮ ਲੇਖ ਸਯਾਮਤਾ ਮਿਟਾਈ ਹੈ ॥
ਚਰਨ ਕਮਲ ਚਰਨਾਮ੍ਰਿਤ ਮਲੀਨ ਮਨਿ, ਕਰਿ ਨਿਰਮਲ ਦੂਤ ਦੁਬਿਧਾ ਮਿਟਾਈ ਹੈ ॥
ਚਰਨ ਕਮਲ ਸੁਖ ਸੰਪਟ ਸਹਜ ਘਰਿ, ਨਿਹਚਲ ਮਤਿ ਏਕ ਟੇਕ ਠਹਿਰਾਈ ਹੈ ॥
ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ, ਸਰਬ ਨਿਧਾਨ ਅਉ ਸਕਲ ਫਲਦਾਈ ਹੈ ॥੩੩੭॥

(੨) ਚਰਨ ਕਮਲ ਰਜ ਮਜਨ ਕੈ ਦਿਬ ਦੇਹ, ਮਹਾ ਮਲ ਮੂਤ੍ਰ ਧਾਰੀ ਨਿਰੰਕਾਰੀ ਕੀਨੇ ਹੈ ॥
ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ, ਤ੍ਰਿਗੁਨ ਅਤੀਤ ਚੀਤ ਆਪਾ ਆਪ ਚੀਨੇ ਹੈ ॥
ਚਰਨ ਕਮਲ ਨਿਜ ਆਸਨ ਸਿੰਘਾਸਨ ਕੈ, ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨੇ ਹੈ ॥
ਚਰਨ ਕਮਲ ਰਸ ਗੰਧ ਰੂਪ ਸੀਤਲਤਾ, ਦੁਤੀਆ ਨਾਸਤ ਏਕ ਟੇਕ ਲਿਵਲੀਨੇ ਹੈ ॥੩੩੮॥

(੩) ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਪੁਰਬ ਤੀਰਥ ਕੋਟਿ ਚਰਨ ਸਰਨ ਹੈ ॥
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਦੇਵੀ ਦੇਵ ਸੇਵਕ ਹੁਇ ਪੂਜਤ ਚਰਨ ਹੈ ॥
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਕਾਰਨ ਅਧੀਨ ਕੀਨ ਕਾਰਨ ਕਰਨ ਹੈ ॥
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਪਤਿਤ ਪੁਨੀਤ ਭਏ ਤਾਰਨ ਤਰਨ ਹੈ ॥੩੩੯॥


www.AKJ.Org

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਮੁਖਾਰਬਿੰਦ ਤੋਂ ਉਪਰ ਦਰਸਾਈ ਗੁਰ-ਚਰਨਾਰਬਿੰਦ ਦੀ ਮਹਿਮਾ, ਗੁਰਸਿਖਾਂ ਨੂੰ ਇਹ ਸਰਧਾ-ਭਾਵਨੀ ਦ੍ਰਿੜ੍ਹਾਉਂਦੀ ਹੈ ਕਿ ਸਚ ਮੁਚ ਸਤਿਗੁਰੂ ਦੇ ਚਰਨ ਕੰਵਲ ਦੀ ਧੂੜੀ ਨੂੰ ਮਸਤਕ ਤੇ ਧੂੜਿਆਂ (ਲਾਇਆਂ, ਲੇਪਨ ਕੀਤਿਆਂ) ਭਰਮ ਅਗਿਆਨ ਦੀ ਕਾਲਕ ਅਤੇ ਮਸਤਕ ਲਿਖੇ ਕਰਮਾਂ ਦੇ ਰੇਖ ਵਾਲੀ ਕਾਲਕ ਮਿਟ ਜਾਂਦੀ ਹੈ ਅਤੇ ਸਤਿਗੁਰੁ ਦੇ ਚਰਨ ਕੰਵਲਾਂ ਦਾ ਚਰਨਾਮ੍ਰਿਤ ਲਇਆਂ ਭਾਵ ਸਤਿਗੁਰੂ ਦੇ ਚਰਨ ਕੰਵਲਾਂ ਦਾ ਅੰਮ੍ਰਿਤ ਜਲ ਪਾਨ ਕੀਤਿਆਂ, ਚਰਨਾਮ੍ਰਿਤ ਲੈਣਹਾਰੇ ਦਾ ਮਲੀਨ ਮਨ ਨਿਰਮਲ ਹੋ ਜਾਂਦਾ ਹੈ। ਜਨਮ ਜਨਮਾਂਤ੍ਰਾਂ ਦੇ ਪਾਪਾਂ ਦੀ ਮੈਲ ਲਗੀ ਹੋਣ ਕਰਿ, ਮਲੀਨ ਤੇ ਕਾਲਾ ਸਿਆਹ ਹੋਇਆ ਮਨ, ਨਿਰਮਲ ਹੋ ਜਾਂਦਾ ਹੈ ਅਤੇ ਪੰਚ ਦੂਤਾਂ ਦੀ ਪਾਈ ਹੋਈ ਦੁਬਿਧਾ ਦੁਚਿਤਾਈ ਭੀ ਮਿਟ ਜਾਂਦੀ ਹੈ। ਸਤਿਗੁਰੂ ਦੀ ਚਰਨ-ਕੰਵਲਾਰੀ-ਦਰਸ਼ਨ-ਮਉਜ. ਚਰਨ ਕੰਵਲਾਂ ਦੇ ਦਰਸ਼ਨ-ਮਉਜੀ-ਭਉਰਿਆਂ ਨੂੰ ਮਹਾਂ ਸੁਖ-ਸੰਪਟੀ ਸਹਜ ਘਰ ਵਿਚ ਲਿਵਲੀਨ ਅਤੇ ਸਮਾਧਿ-ਸਿਥਿਤ ਕਰਾ ਦਿੰਦੀ ਹੈ, ਜਿਸ ਸੁਖ-ਸੰਪਟੀ-ਸਹਜ ਘਰ ਵਿਚ ਅਸਥਿਤ ਹੋ ਕੇ ਹੀ ਸੰਕਲਪਾਂ ਵਿਕਲਪਾਂ ਦੀ ਬਉਰਾਨੀ ਤੇ ਠਹਿਚਲਾਨੀ ਮਤਿ ਸੁਰਤੀ ਨਿਹਚਲ ਹੋ ਜਾਂਦੀ ਹੈ ਅਤੇ ਇਕ ਅਕਾਲ ਪੁਰਖ ਦੀ ਲਿਵ ਟੇਕ ਵਿਚ ਹੀ ਠਹਿਰੀ ਰਹਿੰਦੀ ਹੈ (ਅਡੋਲ ਟਿਕੀ ਰਹਿੰਦੀ ਹੈ)। ਸਤਿਗੁਰੂ ਦੇ ਚਰਨ ਕੰਵਲ ਦੀ ਮਹਿਮਾ ਆਮ ਬੁਧੀ ਦੀ ਫ਼ਹਿਮ ਸਮਝ ਤੋਂ ਅਗਮ ਅਗੋਚਰ ਹੈ, ਜਿਸ ਦੀ ਡੂੰਘ ਥਾਹ ਅਲਪਗ ਬੁਧੀ ਨੂੰ ਨਹੀਂ ਆ ਸਕਦੀ। ਸਤਿਗੁਰੂ ਦੇ ਚਰਨ ਕੰਵਲਾਂ ਦੀ ਮਉਜ-ਮਹਿਮਾ, ਸਗਲ ਨਿਧ ਨਿਧਾਨ, ਸਰਬ ਨਿਧੀਆਂ ਦੇ ਨਿਧਾਨ ਖਜ਼ਾਨੇ ਖੋਲ੍ਹਣ ਨੂੰ ਸਮਰੱਥ ਹੈ ਅਤੇ ਸਰਬ ਮਨੋਰਥ ਸਿਧਾਨ (ਸਿਧੀਆਂ) ਦੀ ਫਲ ਪਰਦਾਤੀ ਹੈ।

ਗੁਰੂ ਵਾਹਿਗੁਰੂ ਦੇ ਏਕ ਮੇਕ ਜੋਤਿ ਸਰੂਪ ਵਾਲੇ ਚਰਨ ਕੰਵਲਾਂ ਦੇ ਦਰਸ਼ਨ-ਪੇਖਾਰੀ ਭੰਵਰੇ, ਉਚ ਆਤਮ-ਮੰਡਲਾਂ ਦੇ ਵਸਨੀਕ ਤ੍ਰੈਗੁਣ ਅਤੀਤ ਜਾਗਦੇ ਜੋਗੀਸ਼ਰ ਹਨ। ਯਥਾ :–

"ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰ ਕਰਨ ਉਦਾਸੀ।"

[ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੫

ਚਰਨ ਕੰਵਲਾਂ ਦੀ ਧੂੜੀ, ਅਮਿਉ ਰਸਾਇਣੀ ਧੂੜੀ, ਪਾਰਸ ਕੀਮੀਆ ਜੋਹਰਾਣੀ ਧੂੜੜੀ ਵਿਚ ਮੱਜਨ ਕੀਤੀਆਂ, ਮੱਜਨ, ਸੁਧਾਸਰ ਸਮੱਜਨ ਕੀਤਿਆਂ, ਇਹ ਪੰਜ-ਭੂਤਕ ਦੇਹੀ ਅਤਿਅੰਤ ਮਨੋਹਰ ਸੁੰਦਰਤਾ ਤੇ ਪਰਮ ਪੁਨੀਤ ਤੇਜ ਭਾਨ ਜਲਵਤਾ ਵਾਲੀ ਅਤੇ ਇਥੀਰੀਅਲ (Ethereal) ਸੂਖਮਤਾ ਵਾਲੀ ਦਿਬ ਦੇਹੀ ਹੋ ਜਾਂਦੀ ਹੈ, ਮਹਾਂ ਕੁਚੀਲ ਬਿਕ੍ਰਾਲਤਾ ਭਰੇ ਬਿਕਾਰੀ ਅਤੇ "ਬਿਸਟਾ ਅਸਤ ਰਕਤ ਪਰੇਟੇ ਚਾਮ" ਵਾਲੇ ਬੋਲ੍ਹੇ ਬਿਰਾਜ਼ ਭਰੇ (ਮਲ ਮੂਤ੍ਰ ਧਾਰੀ) ਮਾਨੁਖ, ਸੁਧ-ਆਤਮੱਜ-ਜੋਤਿ-ਜਗੰਨੇ ਨਿਰੰਕਾਰੀ ਪੁਰਸ਼, ਦਿਬ ਦੇਹੀਏ ਦੇਵਤੇ ਬਣ ਜਾਂਦੇ ਹਨ।

**ਆਤਮਾ ਤੇ ਪ੍ਰਮਾਤਮਾ ਦਾ ਚੀਨਣਾ–**

ਸਤਿਗੁਰੂ ਦੇ ਚਰਨ ਕੰਵਲਾਂ ਦੇ ਪਾਰਸ-ਰਸਾਇਣੀ-ਨਿਧਾਨ, ਅੰਮ੍ਰਿਤ ਜਲ ਨੂੰ ਛਕ ਕੇ ਚਰਨ-ਅੰਮ੍ਰਿਤ ਛਕਣਹਾਰਾ ਜਗਿਆਸੂ ਜਨ ਤ੍ਰੈਗੁਣ-ਅਤੀਤ ਹੋ ਜਾਂਦਾ ਹੈ, ਭਾਵ ਰਾਜਸੀ, ਸਾਤਕੀ, ਤਾਮਸੀ ਗੁਣਾਂ ਦੀ ਪਰਵਿਰਤੀ ਤੋਂ ਨਿਰਵਿਰਤ ਹੋ ਜਾਂਦਾ ਹੈ ਅਤੇ ਤੁਰੀਆ ਗੁਣ ਵਿਚ ਉਸ ਦੀ ਗੰਮਤਾ ਹੋ ਜਾਣ ਕਰਿ, ਉਸ ਨੂੰ ਆਪਣੇ ਸਰੂਪ ਦੀ ਅਤੇ ਆਤਮ, ਪਰਾਤਮ ਤੇ ਪ੍ਰਮਾਤਮ ਦੀ ਤੱਤ-ਲਖਤਾ ਹੁੰਦੀ ਹੈ, ਤੁਰੀਆ ਗੁਣੀ ਪ੍ਰਮਾਤਮ-ਪਦ ਨੂੰ ਲਖ ਕੇ ਉਸਨੂੰ ਇਸ ਗੱਲ ਦੀ ਅਸਲ ਸੋਝੀ ਪੈਂਦੀ ਹੈ, ਤਤ ਲਖਤਾ ਹੁੰਦੀ ਹੈ ਕਿ ਮੈਂ ਤਾਂ ਪ੍ਰਮਾਤਮਾ ਦੀ ਜੋਤਿ ਸਰੂਪੀ ਅੰਸ ਹਾਂ। "ਕਹੁ ਕਬੀਰ ਇਹ ਰਾਮ ਕੀ ਅੰਸ।" (੮੭੧)

ਐਵੇਂ ਗੱਲ੍ਹੀਂ ਗੋਸ਼ਟੀਂ ਗਿਆਨ ਨਾਲ ਆਪਾ ਨਹੀਂ ਚੀਨਿਆ ਜਾਂਦਾ। ਆਪਾ ਚੀਨਣਾ ਗੁਰਮਤਿ ਦਾ ਮੁਖ ਮਨੋਰਥੀ ਤਤ ਆਦਰਸ਼ ਨਹੀਂ। ਤਤ-ਆਦਰਸ਼ੀ ਮੁਖ ਮਨੋਰਥ ਤਾਂ ਪਰਮਾਰਥ-ਖੋਜੀਆਂ ਦਾ ਪ੍ਰਮਾਤਮਾ ਨੂੰ ਚੀਨਣ (ਪ੍ਰਾਪਤ ਹੋਣ) ਵਾਲੀ ਤੱਤ ਲਖਤਾ ਹੈ। ਇਸ ਲਖਤਾ ਦੀ ਲਗਨ ਵਿਚ ਨਿਮਗਨ ਹੋ ਕੇ ਅਧਿਆਤਮ ਅਭਿਲਾਖੀ ਤੇ ਅਧਿਕਾਰੀ ਜਨ, ਜੋ ਨਾਮ ਅਭਿਆਸ ਦੀਆਂ ਅਗਾਧ ਕਮਾਈਆਂ ਕਰਦੇ ਹਨ ਤਾਂ ਤਿਨ੍ਹਾਂ ਨੂੰ ਪਹਿਲਾਂ ਘਟ ਅੰਤਰ ਹੀ ਆਤਮਾ ਦਾ ਜੋਤਿ-ਵਿਗਾਸ ਹੁੰਦਾ ਹੈ, ਅਰਥਾਤ ਆਤਮਾ ਦੀ ਜੋਤਿ ਦਾ ਪਰਕਾਸ਼ ਹੁੰਦਾ ਹੈ। ਇਸ ਜੋਤਿ-ਵਿਗਾਸੀ-



www.AKJ.Org

ਆਨੰਦ-ਰਸ ਵਿਚ ਬਿਸਮ ਰਹੱਸੀ ਹੁੰਦੇ ਹੋਏ ਅਭਿਆਸੀ ਜਨ ਹੋਰ ਵਧੇਰੇ ਨਾਮ ਅਭਿਆਸ ਕਮਾਈਆਂ ਕਰਦੇ ਹਨ ਅਤੇ ਕਰੀ ਜਾਂਦੇ ਹਨ। ਇਸ ਲਗਾਤਾਰ ਰਸ-ਅਮਿਉ-ਰਸਾਇਣੀ ਨਾਮ ਕਮਾਈ ਕਰਦਿਆਂ ਘਟੰਤਰੀ ਜੋਤਿ ਚਾਨਣੇ ਦਾ ਪਸਰਾਉ (ਪਸਾਰਾ) ਭੀ ਵਧੇਰੇ ਤੋਂ ਵਧੇਰੇ ਵਧਦਾ ਜਾਂਦਾ ਹੈ, ਜੋ ਅੰਤਰ ਬਾਹਰ ਨਭ ਨਾਭੀ (ਦਸਮ ਦੁਆਰ ਤੇ ਨ਼ਾਭ ਅਤੇ ਧਰਤੀ ਤੇ ਅਕਾਸ਼) ਵਿਖੇ ਵਧਦਾ ਜੋਤਿ-ਸਰੂਪੀ ਅਕਾਲ ਪੁਰਖ ਪ੍ਰਮਾਤਮਾ ਦੇ ਸਾਂਗੋ ਪਾਂਗ ਦਰਸ਼ਨ ਕਰਾ ਦਿੰਦਾ ਹੈ। ਇਸ ਪ੍ਰਮਾਤਮ-ਦਰਸ਼ਨ ਪ੍ਰਾਪਤੀ ਦੇ ਪਦ ਨੂੰ ਪੁਜ ਕੇ ਇਸ ਗੱਲ ਦਾ ਨਿਸਚਿਤੀ ਗਿਆਨ ਚਾਨਣਾ ਹੁੰਦਾ ਹੈ ਕਿ ਉਹ ਜੋ ਪਹਿਲਾਂ ਘਟ ਅੰਤਰ ਆਤਮ-ਜੋਤਿ ਪ੍ਰਕਾਸ਼ ਹੋਈ ਸੀ, ਉਹ ਤਾਂ ਪ੍ਰਮਾਤਮਾ ਦੀ ਅੰਸ਼ ਹੀ ਸੀ, ਰਮਤ ਰਾਮ ਕੀ ਅੰਸ ਆਤਮਾ ਹੀ ਸੀ। ਪ੍ਰਮਾਤਮ-ਪ੍ਰਾਪਤੀ ਦੇ ਪਦ ਤੋਂ ਉਰੇਡੇ ਰਹਿ ਗਏ ਜਗਿਆਸੂ ਜਨ ਇਸ ਆਪਾ ਚੀਨਣੀ ਆਤਮ ਅੰਸ਼ ਪ੍ਰਾਪਤੀ ਵਾਲੇ ਪਦ ਨੂੰ ਹੀ ਪਰਮ ਪਦ ਸਮਝ ਬੈਠਦੇ ਹਨ ਅਤੇ ਆਪੇ ਦੀ ਲਖਤਾ ਵਾਲੀ ਖ਼ੁਦ ਮਸਤੀ ਵਿਚ ਹਾਲ ਮਸਤ ਹੋ ਕੇ ਹੀ ਆਪੇ ਦੀਆਂ ਵਡਿਆਈਆਂ ਕਰੀ ਜਾਂਦੇ ਹਨ। ਵਾਸਤਵ ਵਿਚ ਉਹ ਆਪਾ ਪਦ ਵਿਚ ਖੇਲ੍ਹਦੇ ਹੁੰਦੇ ਹਨ। ਦਰ-ਅਸਲ ਜੋਤੀ ਸਰੂਪ ਅਕਾਲ ਪੁਰਖ ਪਰਮ ਆਤਮਾ ਦੀ ਪਰਮ ਪਦ ਪ੍ਰਾਪਤੀ ਵਾਲਾ ਜੋਤਿ-ਚਸ਼ਮਾ ਜੋਤਿ-ਅੰਸ਼ੀ ਆਤਮਾ ਦਾ ਨਿਜ ਘਰ ਹੈ, ਜਿਸ ਨੂੰ ਪ੍ਰਾਪਤ ਕਰ ਕੇ ਜੋਤਿ ਸਰੂਪੀ ਆਤਮਾ ਦਾ ਮੂਲ ਪਛਾਣੀਦਾ ਹੈ। ਨਿਰੇ ਆਪਾ ਪਦ ਚੀਨਤਾ ਦੇ ਸ਼ੈਦਾਈ ਆਪਾ-ਪ੍ਰਸਤੀ ਦੇ ਮੁਸ਼ਤਾਕ ਹੋ ਕੇ ਹੀ ਰਹਿ ਖੜੋਂਦੇ ਹਨ ਅਤੇ ਏਸੇ ਨੂੰ ਹੀ ਪਰਮ ਪਦ ਸਮਝਣ ਲਗ ਪੈਂਦੇ ਹਨ। ਜਿਥੇ ਇਹ ਖ਼ਿਆਲ ਹੈ ਕਿ "ਆਪੇ ਨੇ ਆਪਾ ਪਾ ਲਿਆ", "ਆਪਾ ਆਪੇ ਵਿਚ ਲੀਨ ਹੋ ਗਿਆ" ਓਥੇ ਸਮਝ ਲਵੋ ਕਿ ਉਹ ਰਹਿ ਖੜੋਤੇ ਹੋਏ ਆਪਾ ਪਦ ਚੀਨੇ, ਆਪੇ ਦੇ ਗਿਆਨ ਨੂੰ ਹੀ ਬ੍ਰਹਮ ਗਿਆਨ ਦੀ ਤੁਲਤਾ ਦੇਣਹਾਰੇ, ਬ੍ਰਹਮ ਵਿਦਯਾ ਪ੍ਰਬੀਨ ਅਖਉਤੀ (So called) ਬ੍ਰਹਮ ਗਿਆਨੀ ਹਨ। ਓਹਨਾਂ ਨੂੰ ਦਰ-ਹਕੀਕਤ ਜੋਤਿ ਚਮਤਕਾਰੀ ਦਿਬ ਦਰਸ਼ਾਰ ਭੀ ਆਤਮਾ ਦਾ ਨਹੀਂ ਹੋਇਆ ਹੁੰਦਾ। ਓਹ ਬਹੁਤ ਕੁਛ ਸੁਣਿਆ ਸੁਣਾਇਆ ਵੇਦਾਂਤ-ਮਾਰਗੀ ਬ੍ਰਹਮ-ਗਿਆਨ ਹੀ ਘੋਟਦੇ ਹਨ।

[ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ

---

# ਜਾਪੁ ਸਾਹਿਬ ਵਿਚ ਅਕਾਲ ਪੁਰਖ ਦਾ ਸਰੂਪ

[ਸ: ਇਕਬਾਲ ਸਿੰਘ ਜੀ ਹੈਡਮਾਸਟਰ ਪਿੰਡ ਬੋਪਾਰਾਇ ਜ਼ਿਲਾ ਲੁਧਿਆਣਾ]

ਜਾਪੁ ਸਾਹਿਬ ਵਿਚ ਵਾਹਿਗੁਰੂ ਦਾ ਪੂਰਨ ਸਰੂਪ ਵਰਨਣ ਹੈ। ਅਕਾਲ ਪੁਰਖ ਦਾ ਅਸਲੀ ਸਰੂਪ ਹੀ ਵਿਸਮਾਦ ਸਰੂਪ ਹੈ। ਜਾਪੁ ਸਾਹਿਬ ਦੀ ਤੁਕ ਤੁਕ ਅੰਦਰ ਇਸ ਅਸਚਰਜ ਸਰੂਪ ਦਾ ਜ਼ਿਕਰ ਦਰਸਾਇਆ ਅਤੇ ਦ੍ਰਿੜਾਇਆ ਗਿਆ ਹੈ। ਜਾਪੁ ਸਾਹਿਬ ਭੀ ਦਰ-ਅਸਲ ਅਕਾਲ ਪੁਰਖ ਦਾ ਗੁਣਾਨਵਾਦ ਹੈ:

ਨਮਸਤੂੰ ਅਕਾਲੇ ॥ ਨਮਸਤੰ ਕ੍ਰਿਪਾਲੇ ॥

ਇਹ ਦ੍ਰਿੜ੍ਹਾਉਂਦਾ ਹੈ ਕਿ ਕ੍ਰਿਪਾਲੂ ਅਕਾਲ ਪੁਰਖ ਨੂੰ ਮੇਰੀ ਨਮਸਕਾਰ ਹੈ। ਨਮਸਕਾਰ ਚਰਨ ਕੰਵਲਾਂ ਦੇ ਧਿਆਨ ਤੋਂ ਬਿਨਾਂ ਹੋ ਹੀ ਨਹੀਂ ਸਕਦੀ। ਇਸ ਪ੍ਰਕਾਰ ਸਾਰਾ ਜਾਪੁ ਸਾਹਿਬ ਚਰਨ ਕੰਵਲਾਂ ਦਾ ਧਿਆਨ ਅਤੇ ਬੇਨਤੀ ਸਰੂਪ ਗੁਣਾਂ ਦਾ ਸਿਮਰਨ ਹੈ।

ਜਾਪੁ ਸਾਹਿਬ ਸਾਰਾ ਸਨਮੁਖ ਬੇਨਤੀ ਅਤੇ ਸਿਮਰਨ ਹੈ, ਜੋ ਪ੍ਰਭ ਕੇ ਚਰਨ ਕੰਵਲਾਂ ਦੇ ਧਿਆਨ ਤੋਂ ਬਿਨਾ ਕੁਛ ਅਰਥ ਹੀ ਨਹੀਂ ਰਖ ਸਕਦਾ।

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।

www.AKJ.Org

# ਗੁਰਮਤਿ ਨਾਮ ਤੇ ਕਿਰਤਮ ਨਾਮ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

## ੧. ਗੁਰਮਤਿ ਨਾਮ ਤੇ ਕਿਰਤਮ ਨਾਮ ਦਾ ਫਲ–

ਧਰੂ ਭਗਤ ਕਿਰਤਮ ਨਾਮ ਦੀ ਅਭਿਆਸ-ਕਮਾਈ ਦੇ ਤੁਫੈਲ, ਧਰੂ-ਮੰਡਲੀ ਅਬਿਚਲ ਮੰਜ਼ਲੀ ਉਚਾਣ ਤਕ ਹੀ ਅਪੜ ਸਕੇ, ਸਚਖੰਡ ਤੋਂ ਉਰੇਡੇ ਹੀ ਰਹੇ। ਜਿਹਾ ਕਿ :–

ਨਉਨਿਧਿ ਠਾਕੁਰਿ ਦਈ ਸੁਦਾਮੈ, ਧ੍ਰੂਅ ਅਟਲੁ ਅਜਹੂ ਨ ਟਰਿਓ ॥੩॥(੪॥੧)

ਮਾਰੂ ਨਾਮਦੇਉ ਜੀ, ਪੰਨਾ ੧੧੦੫

ਇਸੇ ਤਰ੍ਹਾਂ ਹੋਰ ਭਗਤ ਭੀ ਕਿਰਤਮ ਨਾਮ ਦੀ ਕਮਾਈ ਦੁਆਰਾ ਆਪਣੇ ਮਨੋਰਥੀ ਮੇਅਰਾਜ (ਮਰਤਬੇ) ਤੇ ਵਧ ਤੋਂ ਵਧ ਕਰਮਖੰਡ ਤਕ ਪਹੁੰਚੇ, ਜੈਸਾ ਕਿ 'ਭਗਤ ਬਾਣੀ ਕਿਵੇਂ ਉਚਾਰਨ ਹੋਈ'* ਵਾਲੇ ਲੇਖ ਵਿਚ ਲਿਖਿਆ ਜਾ ਚੁੱਕਾ ਹੈ। ਪ੍ਰੰਤੂ ਕਰਮਕਾਂਡ ਅਤੇ ਅਨਿਕ ਪ੍ਰਕਾਰੀ ਫਲਸਫ਼ੀਆਂ ਏਸ ਮੰਜ਼ਲ ਤਕ ਭੀ ਨਹੀਂ ਅਪੜਾ ਸਕਦੀਆਂ। ਜਿਸ ਮਰਕਜ਼ੀ ਨੀਸਾਣ ਨੂੰ ਮੁਖ ਰਖ ਕੇ ਕਿਰਤਮ ਨਾਮ ਦੇ ਕਮਾਵਣਹਾਰੇ ਭਗਤੀ ਕਮਾਉਂਦੇ ਹਨ, ਕੇਵਲ ਓਸੇ ਮਨੋਰਥੀ ਮੇਅਰਾਜ ਤਾਈਂ ਹੀ ਉਹ ਕਿਰਤਮ ਨਾਮ ਦੀ ਭਗਤ ਕਮਾਈ ਓਹਨਾਂ ਨੂੰ ਅਪੜਾ ਸਕਦੀ ਹੈ, ਪਰ ਸਚਖੰਡ ਦੇ ਨੇੜੇ ਨਹੀਂ ਲੈ ਜਾ ਸਕਦੀ। ਸਚਖੰਡ ਦੀ ਗੰਮਤਾ ਕੇਵਲ ਸਤਿਨਾਮ (ਗੁਰਮਤਿ ਨਾਮ) ਦੀ ਭਗਤਿ-ਕਮਾਈ ਕਰਕੇ ਹੀ ਸੰਭਵ ਹੈ। ਰਿੱਧੀਆਂ ਸਿੱਧੀਆਂ ਅਤੇ ਰਾਜ ਭਾਗ ਦੇ ਸੁਖ ਭੋਗਣ ਭੁੰਚਾਣ ਲਈ ਹੀ ਕਿਰਤਮ ਨਾਮ ਸਹਾਈ ਹੋ ਸਕਦਾ ਹੈ, ਗੁਰਮਤਿ ਕਲਿਆਣ ਆਦਰਸ਼ੀ ਮੁਕਤਿ ਮੰਜ਼ਲ ਕੇਵਲ ਗੁਰਮਤਿ ਨਾਮ ਗੁਰਮੰਤ੍ਰ (ਸਤਿਨਾਮ) ਦੀ ਕਮਾਈ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਕਿਰਤਮ ਨਾਮ ਦੇ ਕਮਾਉਣਹਾਰਿਆਂ ਤੋਂ ਇਹ ਗੁਰਮਤਿ-ਮੁਕਤਿ-ਮਾਰਗੀ ਵਾਟ ਹੀ ਦੁਰਾਡੇ ਰਹਿ ਜਾਂਦੀ ਹੈ। ਇਸ ਪ੍ਰਥਾਇ ਸ੍ਰੀ ਦਸਮੇਸ਼ ਜੀ ਦੇ ਮੁਖਵਾਕ ਦਾ ਇਕੋ ਉਦਾਹਰਣੀ ਪ੍ਰਮਾਣ ਦੇਣਾ ਹੀ ਬਥੇਰਾ ਹੈ :–

ਸੋਰਠਾ - ਰੁਦ੍ਰ ਭਗਤ ਜਗ ਮਾਂਹਿ ਮੁਖ ਕੇ ਦਿਵਸ ਸਦਾ ਭਰੈਂ।
ਮਰੈ ਫਿਰਿ ਆਵਹਿ ਜਾਹਿ ਫਲੁ ਕਛੁ ਲਹੈ ਨ ਮੁਕਤਿ ਕੋ ॥੨੪੫੬॥

ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ

ਕਿਰਤਮ ਨਾਮ ਕੁਝ ਕਾਲ ਲਈ ਸੁਰਗ ਬਹਿਸ਼ਤਾਂ ਦੇ ਮੰਡਲਾਂ ਦੀ ਸੁਖ-ਮੌਜ, ਕਲਿਆਣ ਭੀ ਭੁੰਚਾ ਸਕਦੇ ਹਨ, ਪਰ ਚਰਨ ਕੰਵਲਾਂ ਦੀ ਮੌਜ ਦੇ ਅਭਿਲਾਖੀ ਗੁਰਮਤਿ ਨਾਮ ਅਭਿਆਸੀ ਸਤਿਨਾਮ ਦੇ ਉਪਾਸ਼ਕ ਮੁਕਤ ਬਪੁੜੀ ਦੇ ਬਿਉਪਾਰੀ ਭੀ ਨਹੀਂ ਬਣਦੇ। ਸੰਸਾਰਕ ਸੁਖਾਂ ਦੀ ਬਾਂਛਾ ਤਾਂ ਉਨ੍ਹਾਂ ਨੂੰ ਕੀ ਹੋਣੀ ਸੀ ! ਸੁਤੇ ਸਿਧ ਹੀ ਉਨ੍ਹਾਂ ਨੂੰ ਸੰਸਾਰਕ ਸੁਖ ਪ੍ਰਾਪਤ ਹੋ ਆਵਣ ਤਾਂ ਨਿਸੰਗ ਹੋਇ ਆਵਣ, ਪਰ ਉਹ ਆਪ ਇਨ੍ਹਾਂ ਅਸਤਿ ਪਦਾਰਥਾਂ ਦੇ ਸੁਖਾਂ ਵਿਚ ਲੁਭਾਇਮਾਨ ਤੇ ਖੱਚਤ ਹੋ ਕੇ ਸਤਿ ਪਦਾਰਥੀ ਔਜ ਵਾਲੀ ਅਨਿੰਨ ਅਨੰਦੀ ਮੌਜ ਤੋਂ ਬੇਮੌਜ ਨਹੀਂ ਹੁੰਦੇ, ਨਾ ਉਨ੍ਹਾਂ ਨੂੰ ਸੰਸਾਰਕ ਦੁੱਖਾਂ ਦੀ ਪਰਵਾਹ ਹੁੰਦੀ ਹੈ। ਦੁਖ ਉਨ੍ਹਾਂ ਨੂੰ ਪੋਹੰਦੇ ਹੀ ਨਹੀਂ। ਮਾਇਆਵੀ ਦੀਨ ਦਰਿਦਰਤਾ ਦਾ ਦੁਖ ਉਨ੍ਹਾਂ ਨੂੰ ਸੁਖ ਸਮਾਨ ਹੀ ਪ੍ਰਤੀਤ ਹੁੰਦਾ ਹੈ। ਸਾਕਤ ਪੁਰਸ਼ਾਂ ਦੇ ਸੁਖਾਂ ਨਾਲੋਂ ਇਹ ਦੁਖ ਉਨ੍ਹਾਂ ਨੂੰ ਮਹਾਂ ਮੁਬਾਰਕ ਹਨ, ਕਿਉਂਕਿ ਇਨ੍ਹਾਂ ਦਾ ਅੰਤੀ ਫਲ ਜੁ ਸੁਖਦਾਈ ਹੈ। ਤਾਂ ਤੇ ਉਹ ਮਾਇਕ ਸੁਖਾਂ ਵਿਚ ਖੱਚਤ ਹੋਣ ਨਾਲੋਂ (ਜਿਨ੍ਹਾਂ ਵਿਚ ਖੱਚਤ ਹੋਣਾ ਵਾਸਤਵ ਵਿਚ ਦੁਖਦਾਈ ਹੈ) ਕੰਗਾਲਤਾ ਕਰਿ ਦੁਖੀ ਰਹਿਣਾ ਮਹਾਂ ਸ੍ਰੇਸ਼ਟ ਸਮਝਦੇ ਹਨ। ਸੰਸਾਰੀਆਂ ਦੀ ਸੰਸਾਰਕ ਕਾਕ-ਦ੍ਰਿਸ਼ਟੀ ਅੰਦਰਿ ਤਾਂ ਉਹ ਮਹਾਂ ਦੁਖੀ ਹਨ, ਪਰ ਉਹ ਆਪਣੀ ਨਿਜ-ਆਤਮੀ-ਅਨੰਦ ਬਿਵਸਥਾ ਵਿਚ ਮਗਨ ਹੋਣ ਕਰਕੇ ਏਹਨਾਂ ਮਾਇਕ ਦੁਖਾਂ ਨੂੰ ਭੀ ਸੁਖਾਂ ਤੁਲ ਹੀ ਸਮਝਦੇ ਹਨ ਅਤੇ ਧਨਾਢਤਾ ਦੇ ਸੁਖ-ਭੋਗਾਂ ਨੂੰ ਰੋਗ ਰੂਪ ਜਾਣਦੇ ਹਨ, ਕੰਗਾਲਤਾ ਦੇ ਦੁਖਾਂ ਨੂੰ ਆਤਮ-ਸੁਖਾਂ ਦੀ

* ਗੁਰਮਤਿ ਲੇਖ, ਪੰਨਾ ੫੨ ਤੋਂ ੫੬



www.AKJ.Org

ਸਿੱਧੀ ਵਾਲਾ ਦਾਰੂ ਦ੍ਰਿੜ੍ਹਦੇ ਹਨ, ਜੈਸਾ ਕਿ ਦਸਮੇਸ਼ ਮੁਖਵਾਕ ਹੈ :—

ਸੁਨ ਭੂਪਤ ਯਾ ਜਗਤ ਮੈਂ ਦੁਖੀ ਰਹਿਤ ਹਰਿ ਸੰਤ ॥
ਅੰਤ ਲਹਤ ਹੈਂ ਮੁਕਤ ਫਲ ਪਾਵਤ ਹੈਂ ਭਗਵੰਤ ॥੨੪੫੫॥

ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ

ਸਤਿਨਾਮ ਅਭਿਆਸੀ ਗੁਰਮਤਿ ਨਾਮ ਦੀ ਕਮਾਈ ਵਾਲੇ ਗੁਰਮੁਖ ਜਨਾਂ ਨੂੰ :—

ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਹੀ ਜਾਇ ॥ (੮॥੩॥੧॥)

ਆਸਾ ਮ: ੫ ਬਿਰਹੜੇ, ਪੰਨਾ ੪੩੨

ਤਥਾ :—ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥

ਸੂਹੀ ਅਸਟ: ਮ: ੪, ਪੰਨਾ ੭੫੭

ਦੇ ਗੁਰਵਾਕ ਵਾਲੀ ਸਮ-ਬਿਰਤ ਬਿਵਸਥਾ ਵਾਲਾ ਭਾਣਾ ਹੀ ਭਾਉਂਦਾ ਹੈ।

ਕਿਰਤਮ ਨਾਮਾਂ ਦੇ ਮਨ-ਉਕਤ ਜਾਪ ਮਨ-ਉਕਤ ਭਾਵਨੀ ਅਨੁਸਾਰ, ਮਨ-ਉਕਤ ਕਿਰਤਮ ਮੰਡਲਾਂ, ਅਰਥਾਤ ਕਿਰਤਮ ਨਾਮ ਦੇ ਉਪਾਸ਼ਯ ਸ਼ਿਵ ਮੰਡਲ ਪੁਰੀ, ਬ੍ਰਹਮ ਪੁਰੀ, ਇੰਦ੍ਰ ਪੁਰੀ ਆਦਿ ਦਾਇਰਿਆਂ ਅੰਦਰ ਹੀ ਮੁਕਤੀ-ਦਾਇਕ ਹਨ, ਗੁਰਮਤਿ-ਆਦਰਸ਼ਕਿ ਮੁਕਤੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ । ਇਹ ਕੇਵਲ ਸਤਿਨਾਮ ਗੁਰਮੰਤ੍ਰ ਦੀ ਅਭਿਆਸ ਕਮਾਈ ਕਰਕੇ ਹੀ ਪ੍ਰਾਪਤ ਹੋਣੀ ਸੰਭਵ ਹੈ । ਗੁਰਮਤਿ ਨਾਮ (ਗੁਰਮੰਤ੍ਰ) ਰੂਪੀ ਸਤਿਨਾਮ ਤੋਂ ਛੁਟ ਜਿਤਨੇ ਭੀ ਇਤਰ ਆਨਮਤਾਂ ਦੇ ਉਕਤ ਯੁਕਤੀ ਨਾਮ ਹਨ, ਸਭ ਕਿਰਤਮ ਹਨ, ਤਿਨ੍ਹਾਂ ਦਾ ਜਾਪ ਅਕਸਰ ਮਨੋਰਥ-ਸਿੱਧੀ ਹਿਤ ਕੀਤਾ ਜਾਂਦਾ ਹੈ। ਸੋ ਕਈ ਵਾਰ ਜਾਪ ਕਰਨਹਾਰੇ ਨੂੰ ਉਲਟਾ ਭੀ ਪੈ ਜਾਂਦਾ ਹੈ। ਸਤਿਨਾਮ ਦਾ ਜਾਪ ਸਦਾ ਸੁਖਦਾਈ ਹੀ ਹੈ ਤੇ ਸੁਤੇ ਸਿਧ ਹੀ ਸਰਬ ਇੱਛਾ ਪੂਰਕ ਹੈ ।

ਸਤਿਨਾਮ ਦੇ ਜਾਪ ਦੀ ਮਹਿਮਾ ਗੁਰਬਾਣੀ ਨੇ ਅਨਿਕ ਪ੍ਰਕਾਰ ਗਾਈ ਹੈ । ਸਮੱਗਰ ਗੁਰਬਾਣੀ ਅੰਦਰ ਗੁਰਮਤਿ ਨਾਮ (ਗੁਰਮੰਤ੍ਰ) ਮਈ ਸਤਿਨਾਮ ਦੀ ਮਹਿਮਾ ਹੀ ਧੁਰੋ ਧੁਰ ਗਾਈ ਗਈ ਹੈ, ਕਿਰਤਮ ਨਾਮ ਦੀ ਮਹਿਮਾ ਹੀ ਕਿਤੇ ਨਹੀਂ। ਤਾਂ ਤੇ ਕਿਰਤਮ ਨਾਮ ਦਾ ਸਤਿਨਾਮ (ਗੁਰਮਤਿ ਨਾਮ) ਨਾਲ ਮੁਕਾਬਲਾ ਹੀ ਕੀ ? ਕਿਰਤਮ ਨਾਮ ਸਭ ਅਨਮਤੀਆਂ ਦੇ ਅਰਾਧਣ ਯੋਗ ਪੂਜਯ ਨਾਮ ਹੋਣ ਤਾਂ ਹੋਣ, ਪਰ ਗੁਰਮਤਿ ਅੰਦਰ ਕਿਰਤਮ ਨਾਮ ਦੇ ਅਰਾਧਬੇ ਕਉ ਕੋਈ ਥਾਉਂ ਨਹੀਂ, ਕਿਉਂਕਿ ਸਤਿਨਾਮ ਦੇ ਮੁਕਾਬਲੇ ਕਿਰਤਮ ਨਾਮ ਦੀ ਫਲ-ਗੁਣੀ-ਤੌਫੀਕ ਤੁਛ ਮਾਤ੍ਰ ਹੈ, ਜੈਸੇ ਕਿ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਦੋਹਾਂ ਮਹਾਂ ਵਾਕਾਂ ਤੋਂ ਸਿੱਧ ਹੈ :—

ਸਿੰਮ੍ਰਿਤਿ ਪੁਰਾਨ ਕੋਟਾਨਿ ਬਖਾਨ ਬਹੁ, ਭਾਗਵਤ ਬੇਦ ਬਿਆਕਰਣ ਗੀਤਾ ॥
ਸ਼ੇਸ਼ ਮਰਜੇਸ਼ ਅਖਲੇਸ਼ ਸੁਰ ਮਹੇਸ਼ ਮੁਨਿ, ਜਗਤੁ ਅਰੁ ਭਗਤਿ ਸੁਰ ਨਰ ਅਤੀਤਾ ॥
ਗਯਾਨ ਅਰੁ ਧਯਾਨ ਉਨਮਾਨ ਉਨਮਨ ਉਕਤਿ, ਰਾਗ ਨਾਦਿ ਵਿਜੇਸ਼ਵਰ ਮਤਿ ਨੀਤਾ ॥
ਅਰਧ ਲਗ ਮਾਤ੍ਰ ਗੁਰ ਸਬਦੁ ਅਖਰ ਮੇਕ, ਅਗਮ ਅਤਿ ਅਗਮ ਅਗਾਧਿ ਮੀਤਾ ॥੫੪੦॥
ਜਾ ਕੈ ਏਕ ਫਨ ਪੈ ਧਰਨ ਹੈ ਸੋ ਧਰਨੀਧਰ, ਤਾਹਿ ਗਿਰਧਰ ਕਹੈ ਕਉਨ ਸੀ ਬਡਿਆਈ ਹੈ ॥
ਜਾਂ ਕੋ ਏਕ ਬਾਵਰੋ ਕਹਾਵਤ ਹੈ ਬ੍ਰਿਜ਼ਨਾਥ, ਤਾਂਹਿ ਬ੍ਰਿਜਨਾਥ ਕਹੈ ਕੋਨ ਅਧਿਕਾਈ ਹੈ ॥
ਸਗਲ ਅਕਾਰ ਓਂਕਾਰ ਕੇ ਬਿਥਾਰੇ ਜਿਨ, ਤਾਹਿ ਨੰਦ ਨੰਦ ਕਹੈ ਕਉਨ ਠਕੁਰਾਈ ਹੈ ॥
ਉਸਤਤਿ ਜਾਨਿ ਨਿੰਦਾ ਕਰਤ ਅਗਯਾਨ ਅੰਧ, ਐਸੇ ਹੀ ਅਰਾਧਨ ਤੇ ਮੋਨ ਸੁਖਦਾਈ ਹੈ ॥੬੭੧॥

ਤਾਂ ਤੇ ਸਿੱਧ ਹੋਇਆ ਕਿ ਕਿਰਤਮ ਨਾਮਾਂ ਦੇ ਜਾਪ ਅਰਾਧਣ ਦਾ ਗੁਰਮਤਿ ਅੰਦਰ ਵਿਧਾਨ ਹੀ ਨਹੀਂ, ਫੇਰ ਉਨ੍ਹਾਂ ਦੀ ਸਤਿਨਾਮ ਨਾਲ ਤੁੱਲਤਾ ਹੀ ਕੀ ? ਉਨ੍ਹਾਂ ਦੇ ਅਰਾਧਨ ਦੇ ਫਲ ਉਚਾਰਣ ਉਸਤਤਾਉਣ ਨਾਲੋਂ ਮੋਨ ਹੀ ਸੁਖਦਾਈ ਹੈ, ਗੁਰਸਿੱਖਾਂ ਨੂੰ ਇਸ ਖਲਜਗਣ ਵਿਚ ਪੈਣਾ ਹੀ ਉਚਿਤ ਨਹੀਂ।



www.AKJ.Org

੨. ਗੁਰਮਤਿ ਨਾਮ–

ਗੁਰਸਿੱਖਾਂ ਦੇ ਜਪਣ ਜੋਗ ਜੋ ਸਤਿ ਪਦਾਰਥ ਗੁਰਮੰਤਰ (ਸਤਿਨਾਮ ਅਥਵਾ ਗੁਰਮਤਿ ਨਾਮ) ਹੈ, ਉਸ ਬਾਰੇ ਭਾਈ ਸਾਹਿਬ ਗੁਰਦਾਸ ਦੀ ਇਉਂ ਫੁਰਮਾਉਂਦੇ ਹਨ :–

ਨਿਰੰਕਾਰ ਆਕਾਰ ਕਰਿ ਜੋਤਿ ਸਰੂਪ ਅਨੂਪ ਦਿਖਾਇਆ ॥
ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ ॥
ਚਾਰਿ ਵਰਨ ਚਾਰ ਮਜਹਬਾ ਚਰਣ ਕਵਲ ਸਰਣਾਗਤਿ ਆਇਆ ॥
ਪਾਰਸ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ ॥
ਪੈਰੀ ਪਾਇ ਨਿਵਾਇ ਕੈ ਹਉਮੈ ਰੋਗੁ ਅਸਾਧੁ ਮਿਟਾਇਆ ॥
ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ ॥
ਪੂਰੇ ਪੂਰਾ ਬਾਟੁ ਬਣਾਇਆ ॥੧੭॥ ਵਾਰ ੧੨, ਪਉੜੀ ੧੭

ਨਾਰਾਇਣ ਨਿਜ ਰੂਪੁ ਧਰਿ ਨਾਥਾ ਨਾਥ ਸਨਾਥ ਕਰਾਇਆ ॥
ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ ਬਣਾਇਆ ॥
ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ ਬਿਰਦ ਬਿਰਦਾਇਆ ॥
ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖੁ ਲਖਾਇਆ ॥
ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ ॥
ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ ॥
ਵਾਹਿਗੁਰੂ ਗੁਰ ਸਬਦੁ ਸੁਣਾਇਆ ॥੧॥ ਵਾਰ ੨੪; ਪਉੜੀ ੧

ਫੇਰ ਭਾਈ ਸਾਹਿਬ ਨੇ ਏਸ ਗੁਰਮੰਤ੍ਰ ਦੇ ਸਿਮਰਨ ਸੰਬੰਧੀ ਗੁਰਮਤਿ ਜੁਗਤੀ ਇਉਂ ਪ੍ਰਗਟਾਈ ਹੈ :—

ਕਬਿਤ–ਸਬਦ ਸੁਰਤਿ ਲਿਵਲੀਨ ਜਲ ਮੀਨ ਗਤਿ, ਸੁਖਮਨਾ ਸੰਗਮ ਹੁਇ ਉਲਟ ਪਵਨ ਕੈ ॥
ਬਿਸਮ ਬਿਸ੍ਵਾਸ ਬਿਖੈ ਅਨਭੈ ਅਭਯਾਸ ਰਸ, ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ ॥
ਸਬਦ ਕੈ ਅਨਹਦ ਸੁਰਤਿ ਕੈ ਉਨਮਨੀ, ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ॥
ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੋਗ, ਦਸਮ ਸਥਲ ਨਿਹਕੇਵਲ ਭਵਨ ਕੈ ॥੨੯੧॥

ਇਨ੍ਹਾਂ ਉਪ੍ਰੋਕਤ ਮਹਾਂ ਵਾਕਾਂ ਵਿਚ ਵਰਨਣ ਕੀਤੇ ਗੁਰਮੰਤ੍ਰ ਸੰਬੰਧੀ ਗੁਰਬਾਣੀ ਇਉਂ ਦ੍ਰਿੜ੍ਹਾਉਂਦੀ ਹੈ :—

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥
ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥
ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥
ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥

[ਬਾਕੀ ਸਫ਼ਾ ੧੫ ਦੇ ਹੇਠ] ਗੂਜਰੀ ਮ ੪, ਪੰਨਾ ੪੯੨


www.AKJ.Org

# ਜਹਾਂ ਜਹਾਂ ਖ਼ਾਲਸਾ ਜੀ ਸਾਹਿਬ

'ਖ਼ਾਲਸਾ ਜੀ ਸਾਹਿਬ' ਸਤਿਕਾਰਵਾਚੀ ਵਾਕ ਹੈ । ਇਹ ਸਿੱਖਾਂ ਦੇ ਪਰਸਪਰ ਪਿਆਰ ਤੇ ਸਤਿਕਾਰ ਦੀ ਚਰਮ ਸੀਮਾ ਦਾ ਲਖਾਇਕ ਹੈ । ਸਮੁੱਚੇ ਪੰਥ ਨੂੰ ਵੀ, ਤੇ ਇਸ ਦੇ ਹਰ ਇਕ ਸਦੱਸ ਨੂੰ ਵੀ ਸਤਿਕਾਰ ਨਾਲ 'ਖ਼ਾਲਸਾ ਜੀ ਸਾਹਿਬ' ਕਿਹਾ ਜਾਂਦਾ ਹੈ, ਕਿਉਂਕਿ ਖ਼ਾਲਸੇ ਵਿਚ ਸਤਿਗੁਰੂ ਦਾ ਦੀਦਾਰ ਹੈ । ਨਾਲੇ ਪਰਤੌਂ ਹੈ ਇਸ ਵਾਕ ਵਿਚ. ਉਸ ਪਾਵਨ ਰਿਸ਼ਤੇ ਦਾ, ਜੋ ਇੱਕੋ ਗੁਰੂ ਦੀ ਆਤਮਕ ਸੰਤਾਨ ਹੋਣ ਦੇ ਨਾਤੇ ਸਿਖ ਆਪੋ ਵਿਚ ਪ੍ਰਤੀਤ ਕਰਦੇ ਹਨ । ਇਉਂ ਸਭ ਦਾ ਦਿਲ ਇਕ ਦੂਜੇ ਲਈ ਧੜਕਦਾ, ਤੇ ਹਰੇਕ ਦਾ ਉੱਦਮ ਸਮੁੱਚੇ ਪੰਥ ਦੇ ਕਲਿਆਣ ਲਈ ਹੋਂਦਾ ਹੈ ।

'ਜਹਾਂ ਜਹਾਂ' ਵਾਕੰਸ਼ ਤੋਂ ਪਰਗਟ ਹੈ ਕਿ ਇਸ ਪੰਕਤੀ ਦਾ ਅਧਿਕਾਰ-ਖੇਤਰ ਸਾਰਾ ਵਿਸ਼ਵ ਹੈ । ਇਹਨਾਂ ਬੋਲਾਂ ਨਾਲ ਹਰ ਸਿਖ ਦਾ ਉਹਨਾਂ ਸਰਬੱਤ ਸਿੰਘਾਂ ਨਾਲ ਆਤਮਕ ਸੰਬੰਧ ਜੁੜਦਾ ਹੈ ਜੋ ਸੰਸਾਰ ਵਿਚ ਕਿਸੇ ਥਾਂ ਵੀ ਵਸਦੇ ਹਨ–ਪੰਜਾਬ ਜਾਂ ਭਾਰਤ ਵਿਚ ਹੀ ਨਹੀਂ, ਕਾਬੁਲ ਤੇ ਈਰਾਨ ਵਿਚ ਵੀ, ਬਰਮਾ ਤੇ ਥਾਈਲੈਂਡ ਵਿਚ ਵੀ, ਮਲਾਇਆ ਤੇ ਸਿੰਘਾਪੁਰ ਵਿਚ ਵੀ, ਕੀਨੀਆ ਤੇ ਤਨਜ਼ਾਨੀਆ ਵਿਚ ਵੀ, ਯੂਰਪ ਤੇ ਅਮਰੀਕਾ ਵਿਚ ਵੀ, ਸੰਸਾਰ ਦੇ ਹੋਰ ਕਿਸੇ ਗੋਸ਼ੇ ਵਿਚ ਵੀ । ਹਰਥੇ ਵਸਦੇ ਸਿਖ ਉਸ ਨੂੰ ਆਪਣੇ ਟੱਬਰ ਦੇ ਵਿਛੜੇ ਜੀਆਂ ਵਾਂਗ ਲਗਦੇ ਹਨ ਤੇ ਉਹ ਉਹਨਾਂ ਵਾਸਤੇ ਵਾਹਿਗੁਰੂ ਦੀ ਅੰਗ-ਸੰਗ-ਸਹਾਇਤਾ ਲਈ ਅਰਦਾਸ ਕਰਦਾ ਹੈ–ਉਵੇਂ, ਜਿਵੇਂ ਮਾਵਾਂ ਪਰਦੇਸ ਗਏ ਆਪਣੇ ਬੱਚਿਆਂ ਵਾਸਤੇ ਕਰਦੀਆਂ ਹਨ । ਐਸੀ ਹੀ ਭਾਵਨਾ ਨਾਲ ਉਹ 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ' ਲਈ 'ਤਹਾਂ ਤਹਾਂ ਰਛਿਆ ਰਿਆਇਤ' ਮੰਗਦਾ ਹੈ ।

ਅਰਦਾਸ ਦੀ ਇਸ ਪੰਕਤੀ ਦਾ ਜਨਮ ਘਲੂਘਾਰਿਆਂ ਦੇ ਸਮੇਂ ਹੋਇਆ ਮੰਨਿਆ ਜਾਂਦਾ ਹੈ । ਪੂਰੇ ਚਾਲੀ ਸਾਲ ਲਗਾਤਾਰ ਦਾੜ੍ਹੀ-ਕੇਸ ਵਾਲਿਆਂ ਦਾ ਸ਼ਿਕਾਰ ਹੁੰਦਾ ਰਿਹਾ, ਉਸੇ ਤਰ੍ਹਾਂ ਜਿਸ ਤਰ੍ਹਾਂ ਜੰਗਲੀ ਜਾਨਵਰਾਂ ਦਾ ਹੁੰਦਾ ਹੈ । ਜਿੱਥੇ ਵੀ ਕੋਈ ਕੇਸਾਂ ਵਾਲਾ, ਦਸਤਾਰ ਵਾਲਾ ਮਿਲ ਜਾਂਦਾ, ਕਤਲ ਕਰ ਦਿੱਤਾ ਜਾਂਦਾ । ਜੇਕਰ ਕੋਈ ਸਿਖ ਬਚ ਰਹੇ ਸਨ ਤਾਂ ਇਸ ਕਰਕੇ ਕਿ ਉਹਨਾਂ ਬਨਾਂ ਜਾਂ ਮਾਰੂ-ਥਲਾਂ ਵਿਚ ਪਨਾਹ ਜਾ ਲਈ ਸੀ । ਇਸ ਜ਼ੁਲਮ ਦੀ ਇੰਤਹਾ ਮੀਰ ਮੰਨੂ ਵੇਲੇ ਹੋਈ । ਉਸ ਨੇ ਤਾਂ ਸਿਖ ਬੀਬੀਆਂ ਤੇ ਵੀ ਉਹ ਜ਼ੁਲਮ ਢਾਹੇ ਕਿ ਜ਼ਮਾਨੇ ਵਿਚ ਉਸ ਦੀ ਮਿਸਾਲ ਨਹੀਂ ਲਭਦੀ । ਉਹਨਾਂ ਨੂੰ ਕੈਦ ਕਰ, ਸਵਾ ਸਵਾ ਮਣ ਰੋਜ਼ ਦੇ ਪੀਸਣ ਦੀ ਮੁਸ਼ੱਕਤ ਤੇ ਲਾਇਆ ਤੇ ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰਨ ਲਈ ਮਜਬੂਰ ਕੀਤਾ । ਇੱਥੇ ਹੀ ਬੱਸ ਨਹੀਂ, ਉਨ੍ਹਾਂ ਦੇ ਬੱਚਿਆਂ ਦੇ ਟੋਟੇ ਕਰ ਕੇ ਇਹਨਾਂ ਟੋਟਿਆਂ ਦੇ ਹਾਰ ਹਰੇਕ ਦੇ ਗਲ ਵਿਚ ਪੁਆਏ ਤੇ ਕਿਹਾ, "ਇਹ ਤੈਨੂੰ ਸਿਖ ਬੱਚੇ ਪੈਦਾ ਕਰਨ ਦਾ ਇਨਾਮ ਹੈ ।" ਐਸੀ ਹਾਲਤ ਵਿਚ ਹਰ ਸਿਖ ਹਿਰਦਾ ਹਰਥੇ ਵਸਦੇ ਸਿੱਖਾਂ ਦੇ ਦਰਦ ਨਾਲ ਧੜਕਦਾ ਸੀ । ਇਹ ਤੁਕ ਓਦੋਂ ਤ੍ਰਿਤੇ ਅਰਦਾਸ ਵਿਚ ਸ਼ਾਮਿਲ ਕੀਤੀ ਗਈ ।

ਇਸ ਤੁਕ ਅੰਦਰ ਭਰੋਸਾ ਠਾਠਾਂ ਮਾਰਦਾ ਹੈ । ਵਾਹਿਗੁਰੂ ਜੀ ਦੀ ਹਾਜ਼ਰ-ਨਾਜ਼ਰਤਾ ਦਾ ਵਿਸ਼ਵਾਸ ਝਲਕਦਾ ਹੈ । ਸਤਿਗੁਰਾਂ ਦੀ ਅੰਗ-ਸੰਗਤਾ ਦਾ ਧਰਵਾਸ ਲਹਿਰਦਾ ਹੈ । ਹਰ ਪੰਥਕ ਔਕੜ ਸਮੇਂ ਰਛਿਆ ਰਿਆਇਤ ਦਾ ਸੰਕੇਤ ਖ਼ਾਲਸਾ ਜੀ ਨੂੰ ਮਿਲਦਾ ਰਿਹਾ । ਜੇਕਰ ਇੰਗਲੈਂਡ ਦੇ ਸਿਖਾਂ ਵਲੋਂ ਕਿਰਪਾਨ ਦੀ ਆਜ਼ਾਦੀ ਦੀ ਜੱਦੋ ਜਹਿਦ ਸ਼ੁਰੂ ਹੋਈ ਤਾਂ ਸੰਸਾਰ ਭਰ ਦੇ ਸਿੱਖਾਂ ਦੀ ਹਮਦਰਦੀ ਉਠ ਖੜੋਂਦੀ ਹੈ । ਜੇਕਰ ਕੈਨੇਡਾ ਵਿਚ ਦਸਤਾਰ ਬਾਰੇ ਅੰਦੋਲਨ ਹੋਵੇ ਤਾਂ ਸਾਰੀ ਦੁਨੀਆ ਦੇ ਸਿੱਖਾਂ ਦੀਆਂ ਸ਼ੁੱਭ ਇਛਾਵਾਂ ਜਾਗ ਪੈਂਦੀਆਂ ਹਨ । ਜੇਕਰ ਅੰਮ੍ਰਿਤਸਰ ਵਿਖੇ ਅਕਾਲ ਤਖ਼ਤ ਸਾਹਿਬ ਤੇ ਆਕ੍ਰਮਣ ਹੋਵੇ ਤਾਂ ਸਾਰੇ ਸੰਸਾਰ ਦੇ ਸਿੱਖਾਂ ਦਾ ਹਿਰਦਾ ਚਿਰਲਾ ਉੱਠਦਾ ਹੈ । ਕਿਸੇ ਥਾਂ ਵੀ ਸਿੱਖਾਂ ਤੇ ਭੀੜ ਬਣੇ, ਹਰ ਥਾਂ ਸਿੱਖਾਂ ਨੂੰ ਪੀੜਾ ਪ੍ਰਤੀਤ ਹੋਂਦੀ ਹੈ । ਐਸੀ ਭਾਵਨਾ ਹੀ ਇਸ ਪੰਕਤੀ ਦਾ ਰਹੱਸ ਹੈ ।

ਇਸ ਪੰਕਤੀ ਵਿੱਚ ਸਿਖ ਪੰਥ ਦੀ ਨਵੇਕਲੀ ਕੌਮੀਅਤ ਦਾ ਰਾਜ਼ ਹੈ । ਖ਼ਾਲਸਾ ਪੰਥ ਕੋਈ ਦੇਸ-ਯੁਕਤ ਕੌਮ ਨਹੀਂ, ਦੇਸ-ਮੁਕਤ ਕੌਮ ਹੈ । ਸਾਰਾ ਸੰਸਾਰ ਉਸ ਦਾ ਦੇਸ ਹੈ । ਉਸ ਦਾ ਆਦਰਸ਼ ਦੇਸ-ਭਗਤੀ ਨਹੀਂ, ਦੇਸ-ਭਗਤੀ ਤੋਂ ਉਚੇਰਾ, ਵਡੇਰਾ ਤੇ ਸਰਬ ਵਿਆਪੀ ਹੈ ।



www.AKJ.Org

ਖ਼ਾਲਸਾ ਜੀ ਸਾਹਿਬ ਨੂੰ ਇਸ ਅਰਦਾਸ ਸਦਕੇ ਕਿਵੇਂ ਹਰ ਥਾਂ ਰਛਿਆ ਰਿਆਇਤ ਪ੍ਰਾਪਤ ਹੁੰਦੀ ਰਹੀ ਹੈ ਇਸ ਦੀਆਂ ਕਈ ਉਦਾਹਰਨਾਂ ਇਤਿਹਾਸ ਵਿਚ ਮੌਜੂਦ ਹਨ। 'ਤਾਰੀਖ਼ੇ ਸਿੱਖਾਂ'† ਵਿਚ ਇਕ ਵਿਚਿਤ੍ਰ ਸਾਕਾ ਦਰਜ ਹੈ। ਨਿਆਜ਼ ਬੇਗ ਪਿੰਡ ਵਿਚ ਸਾਰੇ ਸਿਖ ਪ੍ਰਾਣੀ ਮਾਈਆਂ ਬੱਚਿਆਂ ਸਣੇ, ਸ਼ਹੀਦ ਹੋ ਗਏ। ਕੇਵਲ ਇਕ ਵਿਧਵਾ ਮਾਈ ਬਚ ਰਹੀ। ਪਰ ਉਸ ਦੇ ਬਚ ਰਹਿਣ ਦੀ ਸੂਹ ਵੀ ਹਾਕਮਾਂ ਨੂੰ ਲਗ ਗਈ। ਸੌ ਘੋੜ-ਸਵਾਰ ਵਾਪਸ ਓਸੇ ਪਿੰਡ ਘੱਲੇ ਗਏ ਕਿ ਉਹ ਜੇਕਰ ਕੋਈ ਸਿੰਘ-ਸਿੰਘਣੀ ਬਚ ਰਿਹਾ ਹੋਵੇ ਤਾਂ ਉਸ ਨੂੰ ਮਾਰ ਦੇਣ ਜਾਂ ਗ੍ਰਿਫ਼ਤਾਰ ਕਰ ਲਿਆਉਣ। ਮਾਈ ਨੇ ਘੋੜ-ਸਵਾਰ ਆਉਂਦੇ ਸੁਣੇ ਤਾਂ ਅੰਦਰ ਵੜ ਕੇ ਕੁਰਲਾਈ : "ਹੇ ਕਲਗੀਆਂ ਵਾਲਿਆ! ਤੂੰ ਸੱਚ ਮੁੱਚ ਚਲਿਆ ਗਿਆ। ਅਸਾਂ ਸੁਣਿਆ ਸੀ, ਜਿੱਥੇ ਵੀ ਤੈਨੂੰ ਯਾਦ ਕਰੀਏ ਤੂੰ ਬਹੁੜਦਾ ਹੈਂ। ਅੱਜ ਤੂੰ ਕਿਉਂ ਨਹੀਂ ਬਹੁੜਦਾ? ਮੇਰਾ ਪਤੀ, ਮੇਰੇ ਬੱਚੇ ਮਾਰੇ ਗਏ। ਸਾਰਾ ਪਿੰਡ ਨਸ਼ਟ ਹੋ ਗਿਆ। ਦੱਸ, ਮੈਨੂੰ ਹੁਣ ਕਉਣ ਬਹੁੜੇ? ਜੇਕਰ ਇਸ ਬਿਖੜੇ ਸਮੇਂ ਤੂੰ ਸਾਨੂੰ ਛਡ ਜਾਣਾ ਸੀ, ਤਾਂ ਸਾਨੂੰ ਸਿੱਖ ਬਣਾ ਕੇ ਕਿਉਂ ਖ਼ਰਾਬ ਕੀਤਾ?" ਤਦ ਕਹਿੰਦੇ ਹਨ, ਨੀਲੇ ਘੋੜੇ ਤੇ ਸਵਾਰ ਨੀਲੇ ਬਾਣੇ ਵਾਲਾ ਇਕ ਸੂਰਬੀਰ ਓਥੇ ਆਣ ਪਰਗਟ ਹੋਇਆ। ਉਹ ਮਾਈ ਨੂੰ ਕਹਿਣ ਲੱਗਾ, "ਮਾਈ, ਦੱਸ ਤੈਨੂੰ ਕੀ ਚਾਹੀਦਾ?" ਮਾਈ ਕਹਿਣ ਲੱਗੀ, "ਮੈਨੂੰ ਗੁਰੂ ਗੋਬਿੰਦ ਸਿੰਘ ਤੋਂ ਸਿਵਾ ਕੁਝ ਨਹੀਂ ਚਾਹੀਦਾ। ਓਹੀ, ਇਹਨਾਂ ਦੁਸ਼ਟਾਂ ਤੋਂ ਮੇਰੀ ਰਾਖੀ ਕਰ ਸਕਦਾ ਹੈ।" ਤਦ ਉਸ ਨੀਲੇ ਬਾਣੇ ਵਾਲੇ ਜੋਧੇ ਨੇ ਆਪਣੀ ਸ੍ਰੀ ਸਾਹਿਬ ਮਿਆਨ ਵਿਚੋਂ ਧੂਹ ਲਈ ਤੇ ਚੜ੍ਹ ਕੇ ਆਏ ਘੋੜ-ਸਵਾਰਾਂ ਉਪਰ ਟੁੱਟ ਪਿਆ। ਘੜੀ ਕੁ ਵਿਚ ਓਹਨਾਂ ਸਾਰਿਆਂ ਨੂੰ ਤਹ-ਤੇਗ ਕਰ, ਅਲੋਪ ਹੋ ਗਿਆ। ਇਤਿਹਾਸਕਾਰ ਕਹਿੰਦਾ ਹੈ, ਉਸ ਮਾਈ ਨੂੰ ਪੂਰਾ ਭਰੋਸਾ ਸੀ, ਕਿ ਗੁਰੂ ਗੋਬਿੰਦ ਸਿੰਘ ਜੀ ਆਪ ਉਸ ਦੀ ਸਹਾਇਤਾ ਕਰਨ ਆਏ ਸਨ।

ਦਸਮ ਗ੍ਰੰਥ ਵਿਚ ਅਕਾਲ ਉਸਤਤਿ ਬਾਣੀ ਦੀਆਂ ਪਹਿਲੀਆਂ ਚਾਰ ਪੰਕਤੀਆਂ ਜੋ 'ਉਤਾਰਾ ਖ਼ਾਸੇ ਦਸਤਖ਼ਤ ਕਾ ਪਾਤਸ਼ਾਹੀ ਦਸਵੀਂ'* ਹਨ, ਇਸ ਪ੍ਰਕਾਰ ਹਨ :

ਅਕਾਲ ਪੁਰਖ ਕੀ ਰਛਾ ਹਮਨੈ। ਸਰਬ ਲੋਹ ਕੀ ਰਛਿਆ ਹਮਨੈ।
ਸਰਬ ਕਾਲ ਕੀ ਰਛਿਆ ਹਮਨੈ। ਸਰਬ ਲੋਹ ਜੀ ਕੀ ਸਦਾ ਰਛਿਆ ਹਮਨੈ।

ਖ਼ਾਲਸਾ, ਜੋ ਵਾਹਿਗੁਰੂ ਦਾ ਖ਼ਾਸ ਆਪਣਾ ਹੈ, ਐਸੀ ਸਦੀਵ-ਕਾਲੀ ਸ਼ਕਤੀਸ਼ਾਲੀ ਰੱਛਿਆ ਦਾ ਪਾਤਰ ਬਣਿਆ ਰਹੇ, ਇਸੇ ਖ਼ਾਤਰ ਹਰ ਸਿਖ ਸਦਾ ਇਹ ਅਰਜ਼ੋਈ ਕਰਦਾ ਹੈ : 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ!' [ਪੁਸਤਕ "ਅਰਦਾਸ" ਵਿਚੋਂ

† ਲੇਖਕ : ਖ਼ੁਸ਼ਵਕਤ ਰਾਏ।

*'ਉਤਾਰਾ ਖ਼ਾਸੇ ਦਸਤਖ਼ਤ ਕਾ ਪਾਤਸ਼ਾਹੀ ਦਸਵੀਂ' ਦਾ ਅਰਥ ਹੈ ਕਿ ਇਹ ਤੁਕਾਂ ਦਸਵੀਂ ਪਾਤਸ਼ਾਹੀ (ਗੁਰੂ ਗੋਬਿੰਦ ਸਿੰਘ ਜੀ) ਨੇ ਆਪ ਆਪਣੇ ਕਰ-ਕਮਲਾਂ ਨਾਲ ਲਿਖੀਆਂ। (ਇਹਨਾਂ ਤੁਕਾਂ ਤੋਂ ਅੱਗੇ ਭਾਈ ਮਨੀ ਸਿੰਘ ਜੀ ਦੀ ਕਲਮ ਦੀ ਲਿਖਤ ਹੈ)।

## ੩. ਆਮ ਭੁਲੇਖਾ–

[ਸਫ਼ਾ ੧੩ ਦੀ ਬਾਕੀ]

ਗੁਰਮਤਿ ਨਾਮ ਗੁਰਮੰਤ੍ਰ ਤੋਂ ਸੂਨ (ਸੁੰਨੇ) ਬਹੁਤ ਸਾਰੇ ਸੂਧੇ ਸਿੱਖਾਂ ਨੂੰ ਇਹ ਭੁਲੇਖਾ ਲਗਾ ਹੋਇਆ ਹੈ ਕਿ ਗੁਰਬਾਣੀ ਅੰਦਰ ਜਿਥੇ ਜਿਥੇ "ਰਾਮ ਨਾਮ" ਤੇ "ਹਰਿ ਹਰਿ ਨਾਮੁ" ਆਖ ਕੇ ਮਹਿਮਾ ਗਾਈ ਗਈ ਹੈ, ਇਹ ਉਕਤ ਅਖਰਾਂ ਵਾਲੇ ਨਾਮਾਂ ਦੀ ਹੀ ਵਡਿਆਈ ਹੈ। ਇਹ ਅਖਰ ਉਨ੍ਹਾਂ ਦੇ ਖ਼ਿਆਲ ਵਿਚ ਅਨੇਕ ਪ੍ਰਕਾਰੀ ਕਿਰਤਮ ਨਾਮਾਂ ਪ੍ਰਥਾਇ ਹੀ ਘਟਦੇ ਹਨ। ਇਹ ਉਨ੍ਹਾਂ ਦਾ ਐਸਾ ਖਿਆਲ ਕਰਨਾ ਮਹਾਂ ਭੁੱਲ ਹੈ। ਉਕਤ ਅੱਖਰਾਂ ਵਾਲੇ "ਹਰਿ ਹਰਿ ਨਾਮੁ" ਤੇ "ਰਾਮ ਨਾਮੁ" ਗੁਰਬਾਣੀ ਅੰਦਰ ਸਤਿਨਾਮ ਗੁਰਮੰਤ੍ਰ ਦੀ ਮਹਿਮਾ ਦੇ ਲਖਾਇਕ ਤੇ ਸਤਿਨਾਮ ਦੀ ਸੂਚਨਾ ਦੇ ਹੀ ਦ੍ਰਿੜ੍ਹਾਇਕ ਹਨ। ਆਨਮਤਾਂ ਦੇ ਕਿਰਤਮ ਨਾਮ ਜੋ ਵਿਰਦ ਲਈ (ਲੋਕਾਂ ਦੇ ਰਟਨ ਲਈ) ਆਨਮਤਾਂ ਦੇ ਅਚਾਰਯਾਂ ਵਲੋਂ ਦੱਸੇ ਦ੍ਰਿੜ੍ਹਾਏ ਜਾਂਦੇ ਹਨ, ਉਹ ਗੁਰਮਤਿ ਅੰਦਰ ਤੱਤ ਕਲਿਆਣਕਾਰੀ ਨਹੀਂ। ਜੈਸਾ ਕਿ ਸ੍ਰੀ ਦਸਮੇਸ਼ ਜੀ ਦੇ ਇਸ ਸ੍ਰੀ ਮੁਖਵਾਕ ਤੋਂ ਸੂਚਤ ਹੁੰਦਾ ਹੈ :–

ਰਾਮ ਰਹੀਮ ਉਬਾਰ ਨ ਸਕਹੈ ਜਾਕਰ ਨਾਮ ਰਟੈ ਹੈ ॥ ਦੇਵਗੰਧਾਰੀ ਪਾ: ੧੦ [ਚਲਦਾ]

ਨੋਟ :—"ਅਕਾਲ ਪੁਰਖ ਦੀ ਤੱਤ ਲਖਤਾ" ਅਤੇ "ਉਧਾਰ ਨਿਸਤਾਰੇ ਦੀ ਸਬੀਲ ਤੇ ਜ਼ਿਰੀਆਂ" ਆਉਂਦੇ ਪਰਚਿਆਂ ਵਿਚ ਦਿਤੇ ਜਾਣਗੇ।

www.AKJ.Org

# ਗਲਿ ਪਾਥਰ ਕੈਸੇ ਤਰੈ ਅਥਾਹ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਯੂਸਫ਼ ਬਾਰੇ ਅਰਬ ਦੇਸ਼ ਦੀ ਇਕ ਨਿੱਕੀ ਜਿਹੀ ਕਹਾਣੀ ਹੈ। ਯੂਸਫ਼ ਕਿਸੇ ਕਬੀਲੇ ਦਾ ਮੁਖੀ ਸੀ। ਕਿਸੇ ਨੇ ਉਸ ਦੇ ਇਕਲੌਤੇ ਪੁਤਰ ਨੂੰ ਆਪਸੀ ਦੁਸ਼ਮਣੀ ਕਾਰਨ ਕਤਲ ਕਰ ਦਿੱਤਾ। ਪਰ ਪਤਾ ਨ ਲਗ ਸਕਿਆ ਕਿ ਕਿਸ ਨੇ ਕੀਤਾ। ਯੂਸਫ਼ ਦਿਨ ਰਾਤ ਆਪਣੇ ਪੁਤਰ ਦੇ ਕਾਤਲ ਤੋਂ ਬਦਲਾ ਲੈਣ ਦੀ ਅੱਗ ਵਿਚ ਅੰਦਰੋਂ ਅੰਦਰੀ ਮਚਦਾ ਰਿਹਾ। ਭਾਵੇਂ ਉਹ ਪੰਜੇ ਵਕਤ ਦੀਆਂ ਨਿਮਾਜ਼ਾਂ ਪੜ੍ਹਦਾ ਸੀ, ਪਰ ਉਸ ਦਾ ਮਨ ਉਸ ਵਿਚ ਰਸਮੀ ਤੌਰ ਤੇ ਹੀ ਟਿਕਦਾ। ਪਰ ਅੰਦਰੋਂ ਉਹ ਸਦਾ ਇਹੋ ਲੋਚਦਾ, ਕਿ ਮੈਂ ਆਪਣੇ ਪੁਤਰ ਦੇ ਕਾਤਲ ਤੋਂ ਬਦਲਾ ਲਵਾਂ, ਤਾਂ ਹੀ ਮੈਨੂੰ ਅਤੇ ਮੇਰੇ ਮਰੇ ਹੋਏ ਪੁਤਰ ਦੀ ਰੂਹ ਨੂੰ ਸ਼ਾਂਤੀ ਮਿਲੇਗੀ।

ਵੈਸੇ ਉਹ ਆਏ ਗਏ ਦੀ ਬੜੀ ਸੇਵਾ ਕਰਦਾ ਸੀ, ਇਸ ਲਈ ਉਸ ਨੂੰ ਲੋਕੀਂ ਪਰਉਪਕਾਰੀ ਯੂਸਫ਼ ਕਰ ਕੇ ਜਾਣਦੇ ਸਨ। ਦੂਰੋਂ ਦੂਰੋਂ ਲੋਕੀ ਆਉਂਦੇ, ਉਹਨਾਂ ਦੀ ਯੂਸਫ਼ ਦੀ ਸਰਾਂ ਵਿਚ ਲੰਗਰ-ਪਾਣੀ ਦੀ ਸੇਵਾ ਹੁੰਦੀ ਅਤੇ ਰਾਤ ਨੂੰ ਬਿਸਤਰ ਮਿਲਦਾ ਆਰਾਮ ਕਰਨ ਲਈ। ਇਕ ਰਾਤ ਇਸੇ ਤਰ੍ਹਾਂ ਦਾ ਇਕ ਯਾਤਰੀ ਯੂਸਫ਼ ਦੀ ਸਰਾਂ ਵਿਚ ਆਇਆ ਤੇ ਪੁਛਿਆ, "ਮੈਂ ਰਾਤ ਇਥੇ ਬਿਸਰਾਮ ਕਰ ਸਕਦਾ ਹਾਂ ?" ਯੂਸਫ਼ ਨੇ ਉਸ ਦੀ ਬੜੀ ਆਉ-ਭਗਤ ਕੀਤੀ ਤੇ ਆਖਿਆ, "ਇਹ ਸਭ ਕੁਝ ਅੱਲ੍ਹਾ ਤਾਅਲਾ ਦਾ ਦਿਤਾ ਹੋਇਆ ਹੈ।"

ਯਾਤਰੀ ਯੂਸਫ਼ ਦੀ ਸੇਵਾ ਅਤੇ ਬ੍ਰਹਮ-ਦ੍ਰਿਸ਼ਟੀ ਤੇ ਇਤਨਾ ਪ੍ਰਭਾਵਤ ਹੋਇਆ ਕਿ ਉਹ ਉਸ ਅਗੇ ਗੋਡੇ ਟੇਕ ਕੇ ਬੈਠ ਗਿਆ ਤੇ ਕਿਹਾ, "ਯੂਸਫ਼, ਮੈਂ ਤੇਰੇ ਇਕਲੌਤੇ ਬੇਟੇ ਦਾ ਕਾਤਲ ਹਾਂ। ਪਰ ਅੱਜ ਤੁਹਾਡੇ ਮਨੁਖੀ ਪਿਆਰ ਅਤੇ ਸੇਵਾ ਨੇ ਮੇਰਾ ਮਨ ਜਿੱਤ ਲਿਆ ਹੈ। ਤੁਸੀਂ ਦੇਰ ਨ ਕਰੋ, ਆਪਣੇ ਪੁਤਰ ਦੇ ਕਾਤਲ ਦਾ ਸਿਰ ਵੱਢ ਦਿਉ।" ਉਹ ਯਾਤਰੂ ਵੈਰਾਗ ਵਿਚ ਰੋ ਰਿਹਾ ਸੀ। ਯੂਸਫ਼ ਦੇ ਮਨ ਤੇ ਉਸ ਦੇ ਇਸ ਤਰ੍ਹਾਂ ਆਪਣੇ ਅਪਰਾਧ ਨੂੰ ਸਵੀਕਾਰ ਕਰ ਲੈਣ ਦਾ ਅਜਬ ਪ੍ਰਭਾਵ ਪਿਆ। ਉਹ ਆਪਣੇ ਤੰਬੂ ਵਿਚ ਗਿਆ ਤੇ ਅਸ਼ਰਫੀਆਂ ਦੀ ਥੈਲੀ ਚੁਕ ਲਿਆਇਆ। ਯਾਤਰੂ ਨੇ ਸਮਝਿਆ, ਖ਼ਬਰੇ ਤਲਵਾਰ ਲੈਣ ਗਿਆ ਹੈ, ਪਰ ਉਸ ਦੇ ਹੱਥ ਵਿਚ ਥੈਲੀ ਵੇਖ ਕੇ ਬੜਾ ਹੈਰਾਨ ਹੋਇਆ। ਯੂਸਫ਼ ਨੇ ਉਸ ਨੂੰ ਸੰਬੋਧਨ ਕਰ ਕੇ ਕਿਹਾ, "ਇਹ ਲੈ ਕੁਝ ਮੋਹਰਾਂ ਅਤੇ ਮੇਰਾ ਤੇਜ਼-ਤਰਾਕ ਘੋੜਾ। ਜਾ, ਮੈਂ ਤੈਨੂੰ ਬਖ਼ਸ਼ਿਆ। ਮੈਂ ਸ਼ੁਕਰ-ਗੁਜ਼ਾਰ ਹੋਵਾਂਗਾ। ਤੇਰੇ ਚਲੇ ਜਾਣ ਨਾਲ ਮੇਰੇ ਮਨ ਅੰਦਰ ਚਿਰ ਤੋਂ ਬਦਲਾ ਲੈਣ ਦੇ ਭਾਂਬੜ ਬੁਝ ਜਾਣਗੇ ਤੇ ਮੇਰਾ ਮਨ ਹੁਣ ਖ਼ੁਦਾਵੰਦ ਕਰੀਮ ਨਾਲ ਨਿਮਾਜ਼ ਪੜ੍ਹਦਿਆਂ ਜੁੜ ਸਕੇਗਾ।"

ਯੂਸਫ਼ ਦੀ ਇਹ ਨਿੱਕੀ ਕਹਾਣੀ ਗੁਰਮਤਿ-ਆਸ਼ੇ ਅਨੁਕੂਲ ਹੈ। ਸਿਖ ਧਰਮ ਵਿਚ ਬਖ਼ਸ਼ਣ ਅਤੇ ਬਖ਼ਸ਼ਾਉਣ ਦੀਆਂ ਗੁਰਮਤੀ ਕਦਰਾਂ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਚਲੀਆਂ ਆ ਰਹੀਆਂ ਹਨ। ਮਨੁਖ ਸਦਾ ਭੁਲਣਹਾਰ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਮਨੁਖ ਤੋਂ ਪੈਰ ਪੈਰ ਤੇ ਐਸੀਆਂ ਭੁਲਾਂ ਕਰਵਾ ਲੈਂਦੇ ਹਨ ਜੋ ਧਰਮ ਦੀਆਂ ਕਦਰਾਂ ਤੋਂ ਉਲਟ ਹੋਣ। ਬਜਰ ਕੁਰਹਿਤ ਕਰ ਕੇ ਤਾਂ ਸਿੱਖ ਸਿੱਖੀ ਤੋਂ ਖ਼ਾਰਜ ਹੋ ਜਾਂਦਾ ਹੈ, ਪਰ ਬਜਰ ਕੁਰਹਿਤਾਂ ਦੇ ਮੂਲ-ਚੱਕਰ ਤੋਂ ਬਾਹਰ ਜੋ ਅਸੀਂ ਅਨੇਕ ਤਰ੍ਹਾਂ ਨਾਲ ਭੁਲਾਂ ਕਰਦੇ ਹਾਂ, ਉਹ ਕੌਣ ਬਖ਼ਸ਼ੇਗਾ ? ਜਿੰਨਾ ਚਿਰ ਉਹ ਮਨੋਂ ਸਾਫ ਨ ਹੋ ਜਾਣ, ਮਨ ਗੁਰ ਚਰਨਾਂ ਵਿਚ ਕਿਵੇਂ ਸਾਵਧਾਨ ਹੋ ਸਕਦੈ ?

ਸਤਿਗੁਰੂ ਜੀ ਦੀ ਬਾਣੀ ਵਿਚ ਫੁਰਮਾਨ ਹੈ :

ਗੁਰਸਿਖਾਂ ਅੰਦਰਿ ਸਤਿਗੁਰ ਵਰਤੈ, ਚੁਣਿ ਕਢੇ ਲਧੋਵਾਰੇ ॥੧॥੨੧॥ (ਪੰਨਾ ੩੯੨)

ਪਰ ਸੱਚੇ ਪਾਤਸ਼ਾਹ ਨੇ ਕੋਈ ਐਸਾ ਸਾਂਗ ਭਰਮਾਇਆ ਹੈ ਕਿ ਅੱਜ ਗੁਰਸਿਖਾਂ ਅੰਦਰ ਕਲਜੁਗ ਵਰਤਦਾ ਦਿਖਾਈ ਦੇ ਰਿਹਾ ਹੈ। ਇਕ ਦੂਜੇ ਦੀ ਖੁਲ੍ਹਮ ਖਲ੍ਹਾ ਨਿੰਦਾ, ਇਕ ਦੂਜੇ ਪ੍ਰਤੀ ਦੂਸ਼ਣ-ਬਾਜ਼ੀ, ਆਪੋ ਵਿਚ ਕੌੜੇ ਅਤੇ ਫਿਕੇ ਬੋਲ ਬੋਲਣੇ, ਇਹ ਪਤਾ ਹੁੰਦਿਆਂ ਭੀ ਕਿ :–



www.AKJ.Org

ਨਾਨਕ, ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ, ਪਾਣਾ ਲਹੈ ਸਜਾਇ ॥੧॥੨੦॥

ਆਸਾ ਕੀ ਵਾਰ, ਪੰਨਾ ੪੭੩

ਦੂਸਰੇ ਦੇ ਬੋਲ ਨੂੰ ਬਰਦਾਸ਼ਤ ਨ ਕਰ ਸਕਣਾ ਅਤੇ ਸਦਾ ਆਪਣੇ ਮਨ ਨੂੰ ਰਸ ਦੀ ਥਾਂ ਰੋਸ ਵਿਚ ਹੰਢਾਉਣਾ ਸੰਕੇਤ ਕਰਦਾ ਹੈ ਕਿ ਅਸੀਂ 'ਵਾਹਿਗੁਰੂ'–'ਪਵਿਤਰ ਨਾਮ' ਦੇ ਰਸ ਤੋਂ ਟੁਟੇ ਹੋਏ ਵਿਚਰ ਰਹੇ ਹਾਂ। ਇਹੋ ਜਿਹੇ ਰੁਸੇ ਅਤੇ ਗੁੱਸੇ ਭਰੇ ਸਜਣ ਕੁਰਹਿਤ ਦੇ ਦੋਸ਼ੀ ਤਾਂ ਭਾਵੇਂ ਨਹੀਂ ਹੁੰਦੇ, ਪਰ ਸਮੁਚੀ ਸਿਖ-ਫੁਲਵਾੜੀ ਨੂੰ ਆਪਣੇ ਅੰਦਰਲੇ ਸੇਕ ਨਾਲ ਸਾੜ ਸਕਦੇ ਹਨ। ਇਹ ਰੋਸੇ ਗੁਰਮਤੀ ਕੀਮਤਾਂ ਦੇ ਉਲਟ ਹਨ। ਗੁਰ-ਫੁਰਮਾਨ ਹੈ–

ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ, ਰਹਣੁ ਨਹੀ ਸੰਸਾਰੇ ॥੧੧॥ ਪੰਨਾ ੯੩੧

ਇਸੇ ਸੰਦਰਭ ਵਿਚ ਮਾਤਾ ਗੁਜਰੀ ਜੀ ਦੇ ਜੀਵਨ ਵਿਚੋਂ ਇਕ ਘਟਨਾ ਤੇ ਵਿਚਾਰ ਕਰਨਾ ਲਾਭਦਾਇਕ ਹੋਵੇਗਾ। ਸਰਹਿੰਦ ਦਾ ਸਾਕਾ ਕੌਣ ਨਹੀਂ ਜਾਣਦਾ। ਗੰਗੂ ਗੁਰੂ-ਘਰ ਦਾ ਰਸੋਈਆ ਸੀ, ਕਿਵੇਂ ਉਹ ਮਾਇਆ ਨਾਗਨੀ ਦੇ ਚਕਰ ਵਿਚ ਫਸ ਗਿਆ। ਉਹ ਗੁਰੂ ਸਾਹਿਬ ਦੀ ਵਫ਼ਾਦਾਰੀ ਨੂੰ ਛਿੱਕੇ ਟੰਗ ਕੇ ਸਰਕਾਰ ਦਾ ਮੁਖ਼ਬਰ ਜਾ ਬਣਿਆ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ।

ਇਹ ਗੱਲ ਬੜੀ ਸੁਭਾਵਕ ਹੁੰਦੀ, ਜੇਕਰ ਮਾਤਾ ਜੀ ਦੇ ਅੰਦਰ ਵੀ ਯੂਸਫ਼ ਵਾਂਗ ਬਦਲਾ ਲੈਣ ਦੇ ਭਾਂਬੜ ਮੱਚ ਉਠਦੇ। ਪਰ ਐਸਾ ਨਹੀਂ ਹੋਇਆ, ਕਿਉਂਕਿ ਉਨ੍ਹਾਂ ਦਾ ਅੰਦਰ ਨਾਮ-ਰਸ ਨਾਲ ਠਰਿਆ ਹੋਇਆ ਸੀ। ਉਹ ਗੁਰੂ-ਮਾਤਾ ਸਨ। ਉਹਨਾਂ ਦੇ ਬੋਲਾਂ ਵਿਚ ਬੜੀ ਸ਼ਕਤੀ ਸੀ ਅਤੇ ਜੇ ਉਹ ਚਾਹੁੰਦੇ ਤਾਂ ਸਰਾਪ ਦੇ ਕੇ ਉਸ ਨੂੰ ਹਲਤ-ਪਲਤ ਕਿਸੇ ਜੋਗਾ ਵੀ ਨਾ ਛਡਦੇ। ਪਰ ਉਹ ਰੱਬ ਦੀ ਰਜ਼ਾ ਵਿਚ ਰਹੇ। ਉਨ੍ਹਾਂ ਮਨ ਵਿਚ ਗੁੱਸਾ ਨਾ ਹੰਢਾਇਆ। ਵਾਹਿਗੁਰੂ ਜੀ ਦੇ ਚਰਨਾਂ ਨਾਲੋਂ ਇਕ ਪੱਲ ਲਈ ਭੀ ਨਹੀਂ ਟੁਟੇ। ਗੰਗੂ ਨੂੰ ਇਕ-ਤਰਫ਼ਾ (Unilaterally) ਬਖਸ਼ ਦਿੱਤਾ, ਇਸ ਲਈ ਕਿ ਅਸੀਂ ਉਸ ਤੋਂ ਬਦਲਾ ਲੈਣ ਲਈ ਜਨਮ ਨਹੀਂ ਲੈਣਾ।

ਅੱਜ ਹਰ ਪਾਸੇ ਅੰਮ੍ਰਿਤਧਾਰੀ ਸਿੰਘਾਂ ਵਿਚ ਵੀ ਵੈਰ-ਵਿਰੋਧ ਦਾ ਪਰਗਟ ਸਰੂਪ ਨਜ਼ਰੀ ਪੈਂਦਾ ਹੈ। ਭਾਵੇਂ ਉਹ ਕੁਰਹਿਤਾਂ ਤੋਂ ਬਚੇ ਰਹਿੰਦੇ ਹਨ, ਪਰ ਮਨਾਂ ਵਿਚ ਵੈਰ-ਵਿਰੋਧ ਦੀ ਅੱਗ ਬਾਲ ਕੇ ਕੀ ਕੋਈ ਸਿੱਖ ਗੁਰੂ ਨੂੰ ਪਿਆਰਾ ਹੋ ਸਕਦਾ ਹੈ?

ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥੫॥੪॥

ਗਉੜੀ ਸੁਖਮਨੀ ਮ: ੫, ਪੰਨਾ ੨੬੭

ਸਿੱਖ ਜੇਕਰ ਆਪਣੇ ਗਲ ਵਿਚ ਈਰਖਾ ਅਤੇ ਵੈਰ-ਭਾਵ ਦੇ ਪੱਥਰ ਬੰਨ੍ਹੀ ਫਿਰੇ ਤਾਂ ਕੀ ਉਹ ਆਤਮਕ ਮਾਰਗ ਤੇ ਤੁਰ ਰਿਹਾ ਹੈ? ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਵੀ ਉਹ ਇਕ ਸਾਧਾਰਨ ਸੰਸਾਰੀ ਨਾਲੋਂ ਕੁਝ ਵੀ ਵੱਧ ਨਹੀਂ, ਕਿਉਂਕਿ ਉਹ ਆਪਣੇ ਅੰਦਰ ਦੀ ਅਗਨ ਕਾਰਨ ਸਦਾ ਗੁਰ-ਚਰਨਾਂ ਨਾਲੋਂ ਟੁਟਾ ਰਹਿੰਦਾ ਹੈ। ਉਤੋਂ ਉਤੋਂ ਭਾਵੇਂ ਉਹ ਕੀਰਤਨ ਕਰਦਾ ਫਿਰੇ–

ਨਾ ਕੋ ਬੈਰੀ, ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥੧॥੮॥

ਕਾਨੜਾ ਮਹਲਾ ੫, ਪੰਨਾ ੧੨੯੯

ਪਰ ਅੰਦਰੋਂ ਉਸ ਦਾ ਮਨ ਕਹਿੰਦਾ ਹੈ, "ਸੱਚੇ ਪਾਤਸ਼ਾਹ, ਫਲਾਣੇ ਨੂੰ ਛੱਡ ਕੇ ਬਾਕੀ ਸਭ ਨਾਲ ਮੇਰੀ ਬਣ ਆਉਂਦੀ ਹੈ। ਜੇ ਮੇਰੀ ਇਕ ਨਾਲ ਨਹੀਂ ਬਣਦੀ ਤਾਂ ਤੁਸੀਂ ਕਿਰਪਾ ਕਰ ਕੇ ਬਖਸ਼ੋ ਜੀ।'

ਪਰ ਉਹ ਇਹ ਭੁਲ ਜਾਂਦਾ ਹੈ ਕਿ ਜੇ ਕੋਈ ਸਿਖ ਦੂਜੇ ਕਿਸੇ ਪ੍ਰਾਣੀ ਨੂੰ (ਚਾਹੇ ਉਹ ਅੰਮ੍ਰਿਤਧਾਰੀ ਹੈ, ਚਾਹੇ ਕੋਈ ਹੋਰ, ਸਭ ਵਿਚ ਵਾਹਿਗੁਰੂ ਜੀ ਦੀ ਜੋਤਿ ਹੈ) ਨਹੀਂ ਬਖਸ਼ ਸਕਦਾ ਤਾਂ ਵਾਹਿਗੁਰੂ ਜੀ ਤੋਂ ਉਹ ਕਿਵੇਂ



www.AKJ.Org

ਬਖਸ਼ੇ ਜਾਣ ਦੀ ਆਸ ਰਖ ਸਕਦਾ ਹੈ ? ਉਹ ਕਿਸ ਮੂੰਹ ਨਾਲ ਵਾਹਿਗੁਰੂ ਜੀ ਅਗੇ ਝੋਲੀ ਅੱਡੇਗਾ ? ਜੇਕਰ ਬਦਲੇ ਦੀ ਭਾਵਨਾ ਕਾਰਨ ਨਾਮ-ਬਾਣੀ ਵਿਚੋਂ ਉਸ ਦਾ ਮਨ ਉਖੜ ਉਖੜ ਜਾਂਦਾ ਹੈ ਤਾਂ ਉਸਦੀ ਭਗਤੀ ਦਾ ਕਿਹੋ ਜਿਹਾ ਸਰੂਪ ਹੈ ? ਕੀ ਅਜਿਹਾ ਕੋਝਾ ਸਰੂਪ ਸਤਿਗੁਰੂ ਜੀ ਪਰਵਾਨ ਕਰਨਗੇ ?

ਭਾਈ ਕਨ੍ਹਈਆ ਦਸਮੇਸ਼ ਪਿਤਾ ਜੀ ਦੇ ਚਰਨਾਂ ਦਾ ਭਉਰਾ, ਸਗੋਂ ਲਟਬੌਰਾ ਅਤੇ ਅਨਿੰਨ ਸੇਵਕ ਸੀ। ਉਹ ਰਹਿਤਵਾਨ ਅਤੇ ਨਾਮ ਦਾ ਰਸੀਆ ਸੀ। ਨਾਮ ਦੀ ਕਲਾ ਵਰਤਣ ਕਰਕੇ ਅਕਾਲ ਪੁਰਖ ਦੀ ਜਾਗਤ-ਜੋਤਿ ਉਸ ਦੇ ਅੰਦਰ ਲਟ ਲਟ ਬਲ ਰਹੀ ਸੀ। ਅਕਾਲੀ ਜੋਤਿ ਦੇ ਅੰਦਰ ਬਾਹਰ ਹਰਥੇ ਹਰ ਹਿਰਦੇ ਵਿਚ ਦਰਸ਼ਨ ਹੋ ਰਹੇ ਸਨ। ਇਸੇ ਕਾਰਨ ਉਹ ਬ੍ਰਹਮ ਗਿਆਨੀ ਦੀ ਇਸ ਅਵਸਥਾ ਵਿਚ ਵਿਚਰ ਰਿਹਾ ਸੀ ਕਿ—

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ।੨॥
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ।੩॥
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ।।੪।।੩।।

ਧਨਾਸਰੀ ਮ: ੫, ਪੰਨਾ ੬੭੧

ਇਸੇ ਬ੍ਰਹਮ-ਦ੍ਰਿਸ਼ਟੀ ਸਦਕਾ ਉਹ ਰਣ-ਤੱਤੇ ਵਿਚ ਜਿਥੇ ਸਿੰਘ ਫੌਜਾਂ ਦੇ ਜ਼ਖਮੀਆਂ ਨੂੰ ਜਲ ਪਿਲਾ ਰਿਹਾ ਸੀ, ਉਥੇ ਦੁਸ਼ਮਨਾਂ ਦੀਆਂ ਫ਼ੌਜਾਂ ਦੇ ਘਾਇਲਾਂ ਨੂੰ ਵੀ ਪਾਣੀ ਪਿਲਾਣ ਦੀ ਸੇਵਾ ਨਿਭਾ ਰਿਹਾ ਸੀ। ਉਸ ਨੂੰ ਕੋਈ ਆਪਣਾ ਬਿਗਾਨਾ ਦਿਸਦਾ ਹੀ ਨਹੀਂ ਸੀ, ਉਹ ਤਾਂ ਹਰਥੇ ਸਤਿਗੁਰੂ ਜੀ ਦੇ ਹੀ ਦੀਦਾਰ ਕਰ ਰਿਹਾ ਸੀ। ਉਸ ਨੂੰ ਸਤਿਗੁਰਾਂ ਨੇ ਪਰਵਾਨਿਆ ਹੀ ਨਹੀਂ, ਸਗੋਂ ਗਲ ਲਾਇਆ ਅਤੇ ਫੱਟੜਾਂ ਦੇ ਜ਼ਖਮਾਂ ਦੀ ਮਰਹਮ ਪੱਟੀ ਦੀ ਸੇਵਾ ਭੀ ਬਖਸ਼ ਦਿਤੀ।

ਸਾਰੀ ਉਮਰ ਕੇਵਲ ਚਾਰ ਬਜਰ ਕੁਰਹਿਤਾਂ ਤੋਂ ਮਾਨਸਿਕ ਜਾਂ ਸਰੀਰਕ ਤੌਰ ਤੇ ਬਚਦੇ ਰਹਿਣ ਵਿਚ ਹੀ ਸਿੱਖੀ ਨਹੀਂ ਹੈ। ਸਚਿਆਰ ਸਿਖ ਬਣਨ ਲਈ ਬ੍ਰਹਮ-ਦ੍ਰਿਸ਼ਟੀ ਲੋੜੀਦੀ ਹੈ। ਆਪਣੇ ਅੰਦਰੋਂ ਤ੍ਰਿਸ਼ਨਾ, ਈਰਖਾ ਅਤੇ ਵੈਰ ਵਿਰੋਧ ਦੀ ਅੱਗ ਇਕ-ਤਰਫ਼ਾ ਤੌਰ ਤੇ ਬੁਝਾਣੀ ਹੋਵੇਗੀ। ਜੇਕਰ ਅੰਦਰ ਅੱਗ ਭੀ ਮੱਘਦੀ ਰਖੀ ਤੇ ਨਾਮ ਭੀ ਜਪਦੇ ਰਹੇ ਤਾਂ ਗੁਰੂ ਜਾਣੇ ਅਸੀਂ ਸੱਚੀ ਦਰਗਾਹੇ ਕੀ ਮੂੰਹ ਲੈ ਕੇ ਜਾਵਾਂਗੇ ?

ਕਿਆ ਮੁਹੁ ਲੇ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥ ਆਸਾ ਮ: ੧, ਪੰਨਾ ੩੫੧

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੬੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | —— |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |





www.AKJ.Org

# ਕਿਰਾਏ ਦੇ ਪਾਠ

[ਪ੍ਰੋ: ਹਰਨਾਮ ਸਿੰਘ ਜੀ, W-139 ਗ੍ਰੇਟਰ ਕੈਲਾਸ਼-1, ਨਵੀ ਦਿਲੀ-48]

ਆਮ ਕਰਕੇ ਮਕਾਨ, ਟੈਂਟ, ਮੇਜ਼ ਕੁਰਸੀਆਂ ਤੇ ਫ਼ਰਨੀਚਰ, ਕਿਤਾਬਾਂ, ਬਸਾਂ, ਟੈਕਸੀਆਂ ਤੇ ਆਵਾਜਾਈ ਦੇ ਦੂਜੇ ਸਾਧਨ ਕਿਰਾਏ ਤੇ ਲਏ ਜਾਂਦੇ ਸੁਣੇ ਵੇਖੇ ਜਾਂਦੇ ਹਨ। ਪਾਠਾਂ ਨਾਲ ਕਿਰਾਏ ਦੀ ਗੱਲ ਜੋੜਨੀ ਉਚਿਤ ਨਹੀਂ, ਪਰ ਵਧਦੀ ਹੋਈ ਮਨਮਤਿ ਨੂੰ ਵੇਖ ਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ 'ਧੁਰ ਕੀ ਬਾਣੀ' ਦਾ ਪੂਰਾ ਸਨਮਾਨ ਤੇ ਸਤਿਕਾਰ ਕੀਤਾ ਜਾਏ ਤੇ ਮਨਮਤਿ ਦੇ ਪ੍ਰਭਾਉ ਤੋਂ ਮੁਕਤ ਹੋਇਆ ਜਾਏ।

ਵਰਤਮਾਨ ਸਮੇਂ ਵਿਚ ਪਾਠ ਕਰਾਉਣ ਦਾ ਬਹੁਤ ਹੀ ਰਿਵਾਜ ਚਲ ਪਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡ ਪਾਠ, ਸਪਤਾਹਕ ਪਾਠ, ਸਹਿਜ ਪਾਠ, ਸੰਪਟ ਪਾਠ ਆਦਿ ਕਈ ਪ੍ਰਕਾਰ ਦੇ ਪਾਠ ਕੀਤੇ ਜਾਣ ਲਗ ਪਏ ਹਨ।

ਕਿਹਾ ਜਾਂਦਾ ਹੈ ਕਿ ਜੰਗਾਂ ਜੁੱਧਾਂ ਸਮੇਂ ਜਦੋਂ ਸਿੰਘਾਂ ਤੇ ਵੇਲੇ ਦੀ ਹਕੂਮਤ ਵਲੋਂ ਬਹੁਤ ਸਖ਼ਤੀ ਕੀਤੀ ਜਾਂਦੀ ਸੀ ਤਾਂ ਉਨ੍ਹਾਂ ਨੂੰ ਕਦੇ ਜੰਗਲਾਂ ਵਿਚ ਤੇ ਕਦੇ ਪਹਾੜਾਂ ਵਿਚ ਛਿਪ ਕੇ ਰਹਿਣਾ ਪੈਂਦਾ ਸੀ। ਅਜਿਹੀ ਸੰਕਟ ਭਰੀ ਸਥਿਤੀ ਵਿਚ ਉਨ੍ਹਾਂ ਨੂੰ ਇਕ ਥਾਂ ਤੇ ਟਿਕਣਾ ਨਹੀਂ ਸੀ ਮਿਲਦਾ। ਇਸ ਲਈ ਰਹਿਤ ਬਹਿਤ ਦੇ ਪੂਰੇ, ਗੁਰਬਾਣੀ ਦੀ ਟੇਕ ਤੇ ਓਟ ਰਖਣ ਵਾਲੇ, ਧਰਮ ਤੇ ਪਹਿਰਾ ਦੇਣ ਵਾਲੇ ਸਿਦਕੀ ਸਿੰਘ ਮਿਲ ਕੇ ਥੋੜੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਲੈਂਦੇ ਸਨ। ਏਥੋਂ ਹੀ ਅਖੰਡਪਾਠਾਂ ਦੀ ਪਿਰਤ ਚਲ ਪਈ ਜਾਪਦੀ ਹੈ।

ਅੱਜ ਕਲ੍ਹ ਤਾਂ ਕੋਈ ਦੁਖ ਸੁਖ ਦਾ ਮੌਕਾ ਆ ਬਣੇ, ਅਖੰਡ ਪਾਠ ਰਖਵਾਣਾ ਜਿਵੇਂ ਰਸਮ ਜਹੀ ਬਣ ਗਈ ਹੈ। ਇਨ੍ਹਾਂ ਦੇਖਾ-ਦੇਖੀ ਪਾਠਾਂ ਦਾ ਮਾਨੋ ਹੜ੍ਹ ਜਿਹਾ ਆ ਗਿਆ ਹੈ। ਇਸੇ ਕਰਕੇ ਪਾਠੀ ਸਿੰਘਾਂ ਦੀ ਵੀ ਚੋਖੀ ਗਿਣਤੀ ਵੇਖੀ ਜਾ ਰਹੀ ਹੈ। ਇਸ ਤਰ੍ਹਾਂ ਕਈ ਪਰਵਾਰਾਂ ਦੀ ਉਪਜੀਵਕਾ ਹੀ ਪਾਠਾਂ ਨਾਲ ਤੁਰਦੀ ਹੈ। ਇਉਂ ਇਹ ਇਕ ਤਕੜਾ ਵਪਾਰ ਜਿਹਾ ਬਣ ਗਿਆ ਹੈ। ਮਹਿੰਗਾਈ ਵਧਣ ਦੇ ਨਾਲ ਨਾਲ ਪਾਠਾਂ ਦੀ ਫ਼ੀਸ ਵੀ ਦਿਨ ਬਦਿਨ ਵਧਦੀ ਜਾ ਰਹੀ ਹੈ। ਗੁਰਦੁਆਰਾ ਕਮੇਟੀਆਂ ਪਾਠਾਂ ਲਈ ਜਿਤਨੀ ਮਾਇਆ ਨਿਸਚਿਤ ਕਰਦੀਆਂ ਹਨ, ਪਾਠਾਂ ਦਾ ਫਲ ਪ੍ਰਾਪਤ ਕਰਨ ਵਾਲੇ ਸਰਦੇ ਪੁਜਦੇ ਸਜਣ ਉਤਨੀ ਹੀ ਮਾਇਆ ਭੇਜੀ ਜਾਂਦੇ ਹਨ। ਘਰ ਬੈਠੇ ਬਿਠਾਇਆਂ ਮਾਇਆ ਨਾਲ ਹੀ ਪ੍ਰਮਾਰਥਕ ਤੇ ਦੁਨਿਆਵੀ ਮੁਰਾਦਾਂ ਪੂਰੀਆਂ ਹੋਣੀਆਂ ਲੋਚਦੇ ਹਨ। ਨਾ ਟਿਕ ਕੇ ਪਾਠ ਸੁਣਨ ਦੀ ਲੋੜ ਅਤੇ ਨਾ ਹੀ ਸਤਿਗੁਰੂ ਸੱਚੇ ਪਾਤਸ਼ਾਹ ਤੇ ਸਿਖ ਸੰਗਤਾਂ ਦੀ ਸੇਵਾ ਦੀ ਲੋੜ। ਸੱਚੇ ਪਾਤਸ਼ਾਹ ਦੀ ਬਾਣੀ ਇਹ ਸੋਧ ਦੇ ਰਹੀ ਹੈ :-

ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ ॥
ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ ॥੬॥ (ਚਉਬੋਲੇ ਮ: ੫, ੧੩੬੪)

ਮਾਇਆ ਵਿਚ ਉਲਝਿਆ ਸੰਸਾਰ ਮਰਦਾ ਅਤੇ ਲੁਟਿਆ ਜਾ ਰਿਹਾ ਹੈ ਅਤੇ ਅਸਲ ਭੇਦ ਨੂੰ ਜਾਣਦਾ ਹੀ ਨਹੀਂ। ਪ੍ਰੇਮ ਦੀ ਪ੍ਰੀਤੀ ਵਿਚ ਵਿੰਨ੍ਹਿਆ ਨਹੀਂ ਜਾ ਰਿਹਾ, ਸਗੋਂ ਮਿਥਿਆ ਵਿਹਾਰਾਂ ਵਿਚ ਫਸਿਆ ਪਿਆ ਹੈ।

'ਚਉਬੋਲੇ' ਨਾਮ ਦੀ ਇਸੇ ਬਾਣੀ ਦੇ ਪਹਿਲੇ ਬੰਦ ਵਿਚ ਸਪੱਸ਼ਟ ਕਿਤਾ ਹੈ ਕਿ ਜੇ ਪ੍ਰੇਮ ਦਾ ਦਮਾਂ ਨਾਲ, ਭਾਵ, ਮਾਇਆ ਨਾਲ ਵਟਾਂਦਰਾ ਹੋ ਸਕਦਾ ਤਾਂ ਰਾਵਣ ਵਰਗੇ ਕੋਈ ਕੰਗਾਲ ਨਹੀਂ ਸਨ, ਜਿਸ ਨੇ ਸ਼ਿਵ ਜੀ ਨੂੰ ਸਿਰ ਕੱਟ ਕੇ ਭੇਟਾ ਚੜ੍ਹਾਏ ਸਨ :

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟ ॥੧॥ (ਪੰਨਾ ੧੩੬੩)

ਪਾਠ ਕਰਨਾ ਜਾਂ ਕਰਵਾਣਾ ਕੋਈ ਅਉਗੁਣ ਨਹੀਂ, ਸਗੋਂ ਜਿਥੇ ਗੁਰਬਾਣੀ ਦਾ ਪ੍ਰਵਾਹ ਚਲਦਾ ਹੋਵੇ, ਨਿਰਸੰਦੇਹ ਉਹ ਸਥਾਨ ਪਵਿੱਤਰ ਹੋ ਜਾਂਦਾ ਹੈ ਅਤੇ ਵਾਤਾਵਰਨ ਰਸੀਲਾ ਤੇ ਸੁਗੰਧਿਤ ਹੋ ਜਾਂਦਾ ਹੈ



www.AKJ.Org

ਪਰ ਮੁਖ ਪ੍ਰਸ਼ਨ ਇਹ ਹੈ ਕਿ ਮਾਇਆ ਖ਼ਰਚ ਕੇ ਪਾਠ ਕਰਵਾ ਲੈਣ ਨਾਲ ਕਿਸ ਦਾ ਭਲਾ ਹੋ ਰਿਹਾ ਹੈ । ਪਾਠੀ ਸਿੰਘ ਪਾਠ ਕਰਨ ਜਾਂ ਨਾ ਕਰਨ, ਪਾਠ ਸ਼ੁੱਧ ਹੋ ਰਿਹਾ ਹੋਵੇ ਜਾਂ ਅਸ਼ੁੱਧ, ਇਸ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ । ਕਾਰਨ ਇਹ ਹੈ ਕਿ ਗ੍ਰਹਿ-ਨਿਵਾਸੀ ਤਾਂ ਆਪਣੇ ਕੰਮ ਧੰਦੇ ਵਿਚ, ਮੌਜ ਮੇਲੇ ਤੇ ਜਸ਼ਨਾਂ ਦੀ ਤਿਆਰੀ ਵਿਚ ਰੁਝੇ ਰਹਿੰਦੇ ਹਨ । ਪਾਠ ਸੁਣਨ ਦੀ ਵੇਹਲ ਹੀ ਕਿਸੇ ਨੂੰ ਨਹੀਂ ਹੁੰਦੀ ਤੇ ਸ਼ਾਇਦ ਲਗਨ ਦੀ ਵੀ ਘਾਟ ਹੁੰਦੀ ਹੈ । ਕੀ ਇਹੋ ਜਹੇ ਦਿਖਾਵੇ ਖ਼ਾਤਰ, ਕੇਵਲ ਮਾਇਆ ਖ਼ਰਚ ਕੇ ਕੀਤੇ ਕਰਵਾਏ ਗਏ ਪਾਠ ਸਾਡਾ ਕੁਝ ਸੰਵਾਰ ਸਕਦੇ ਹਨ ?

ਆਮ ਵੇਖਣ ਵਿਚ ਆਇਆ ਹੈ ਕਿ ਇਕ ਇਕ ਪਾਠੀ ਸਿੰਘ ਤਿੰਨ ਤਿੰਨ ਚਾਰ ਚਾਰ ਪਾਠਾਂ ਵਿਚ ਹਿੱਸਾ ਲੈ ਰਿਹਾ ਹੁੰਦਾ ਹੈ । ਉਸ ਵਿਚ ਉੱਚਾ ਬੋਲ ਕੇ ਪਾਠ ਸੁਨਾਣ ਦੀ ਹਿੰਮਤ ਹੀ ਨਹੀਂ ਹੁੰਦੀ ਤੇ ਜੇਕਰ ਪਾਠ ਸੁਣਨ ਵਾਲਾ ਲਾਗੇ ਕੋਈ ਹੋਵੇ ਹੀ ਨਾ, ਤਾਂ ਪਾਠੀ ਸਿੰਘ ਨੂੰ ਐਵੇਂ ਔਖਾ ਹੋਣ ਦੀ ਕੀ ਲੋੜ ਹੈ ? ਕੀ ਅਸੀਂ ਇਸ ਤਰ੍ਹਾਂ ਦੇ ਪਾਠ ਕਰਵਾ ਕੇ ਗੁਰਬਾਣੀ ਦਾ ਸਤਿਕਾਰ ਕਰ ਰਹੇ ਹਾਂ ? ਸਾਨੂੰ ਆਪਣੇ ਅੰਦਰ ਝਾਕਣ ਦੀ ਲੋੜ ਹੈ ।

ਕੁਝ ਇਕ ਪੂਜਨੀਕ ਬਾਬਿਆਂ ਨੇ ਇਕੱਠੇ ਇਕ ਸੌ ਇਕ ਪਾਠ ਰਖਣ ਦਾ ਸਿਲਸਿਲਾ ਜਾਰੀ ਕਰ ਦਿਤਾ ਹੈ। ਪਿਛੇ ਜਹੇ ਦਿੱਲੀ ਵਿਚ ਇਕ ਸਿੰਘ ਦੇ ਗ੍ਰਹਿ ਵਿਖੇ ਇਹੋ ਜਿਹਾ ਇਕ ਪ੍ਰੋਗ੍ਰਾਮ ਸੀ । ਬਰਾਂਡਿਆਂ ਵਿਚ, ਰਸਤੇ ਵਿਚ, ਰਸੋਈ ਵਿਚ, ਪੌੜੀਆਂ ਹੇਠ, ਉਪਰ ਹੇਠਾਂ ਦੇ ਕਮਰਿਆਂ ਵਿਚ, ਜਿਥੇ ਕੋਈ ਨੁਕਰ ਖੂੰਝਾ ਮਿਲਿਆ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਪਾਠ ਅਰੰਭ ਕੀਤਾ ਗਿਆ । ਇਕ ਲਾਊਡ ਸਪੀਕਰ ਤੇ ਇਕ ਪਾਠੀ ਦੀ ਆਵਾਜ਼ ਬਾਹਰ ਆ ਰਹੀ ਸੀ, ਬਾਕੀ ਸੌ ਪਾਠੀ ਮਨ ਵਿਚ ਹੀ ਪਾਠ ਕਰ ਰਹੇ ਸਨ । ਇਤਨੇ ਵਡੇ ਪ੍ਰੋਗਰਾਮ ਲਈ ਪਾਠੀ ਲਭਣੇ ਬਹੁਤ ਕਠਨ ਹੋ ਜਾਂਦੇ ਹਨ । ਜਿਨ੍ਹਾਂ ਨੂੰ ਪਾਠ ਕਰਨ ਦਾ ਅਭਿਆਸ ਹੀ ਨਹੀਂ ਹੁੰਦਾ, ਕੰਮ ਸਾਰਨ ਲਈ ਉਨ੍ਹਾਂ ਨੂੰ ਵੀ ਸ਼ਾਮਲ ਕਰ ਲਿਆ ਜਾਂਦਾ ਹੈ, ਕਿਉਂਕਿ ਪਾਠ ਸੁਣਾਣ ਦੀ ਲੋੜ ਨਹੀਂ ਹੁੰਦੀ । ਕੀ ਇਹ ਗੁਰਮਤਿ-ਆਸ਼ਿਆਂ ਦੇ ਅਨੁਕੂਲ ਹੈ ? ਕੀ ਪਾਠਾਂ ਦੀ ਇਹ ਗਿਣਤੀ ਸਾਡੇ ਮਨਾਂ ਤੇ ਚੰਗਾਂ ਪ੍ਰਭਾਉ ਪਾ ਰਹੀ ਹੈ ? ਕੀ ਇਸ ਤਰ੍ਹਾਂ ਅਸੀਂ ਗੁਰਬਾਣੀ ਦਾ ਪੂਰਾ ਸਤਿਕਾਰ ਕਰ ਰਹੇ ਹਾਂ ? ਇਹੋ ਜਹੇ ਦ੍ਰਿਸ਼ ਵੇਖ ਕੇ ਤਾਂ ਕਬੀਰ ਜੀ ਦਾ ਇਹ ਮਹਾਂ ਵਾਕ ਸਾਹਮਣੇ ਆ ਜਾਂਦਾ ਹੈ :—

ਲੋਗਨ ਰਾਮੁ ਖਿਲਉਨਾ ਜਾਨਾ ॥੧॥੬॥ (ਭੈਰਉ ਕਬੀਰ ਜੀ, ਪੰਨਾ ੧੧੫੮)

ਇਕੋ ਵਕਤ ਤੇ ਨਾਲੋ ਨਾਲ ਕਈ ਕਈ ਪ੍ਰਕਾਸ਼ ਕਰ ਕੇ ਪਾਠ ਕਰਵਾਉਣ ਨਾਲ ਅਸੀਂ ਸਤਿਗੁਰੂ ਪਾਤਸ਼ਾਹ ਦੀ ਬੇ-ਅਦਬੀ ਦਾ ਕਾਰਨ ਬਣ ਰਹੇ ਅਤੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੀ ਥਾਂ, ਬੇਅਦਬੀ ਦੀ ਸਜ਼ਾ ਭੁਗਤਣ ਦੇ ਦੋਸ਼ੀ ਬਣ ਰਹੇ ਹਾਂ ।

ਕਈ ਗੁਰਦੁਆਰਿਆਂ ਦੇ ਨੋਟਸ-ਬੋਰਡਾਂ ਤੇ ਪਾਠਾਂ ਦੇ ਰੇਟ ਲਿਖੇ ਹੋਏ ਵੇਖੇ ਜਾ ਸਕਦੇ ਹਨ । ਕੁਝ ਇਕ ਇਤਿਹਾਸਕ ਗੁਰਦੁਆਰਿਆਂ ਦੇ ਮਾਸਕ-ਪੱਤਰਾਂ ਵਿਚ ਵੀ ਪਾਠਾਂ ਦੀ ਭੇਟਾ ਲਿਖੀ ਹੋਈ ਮਿਲਦੀ ਹੈ ।

ਇਹ ਸਭ ਕੁਝ ਵੇਖ ਕੇ ਇਹ ਕਹਿਣੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਮਨਮਤਿ ਦਾ ਬੋਲ ਬਾਲਾ ਹੋ ਰਿਹਾ ਹੈ। ਚੂੰਕਿ ਪਾਠ ਗੁਰਦੁਆਰਿਆਂ ਦੀ ਆਮਦਨ ਦਾ ਸਾਧਨ ਬਣੇ ਹੋਏ ਹਨ, ਇਸ ਲਈ ਗੁਰਦੁਆਰਾ ਕਮੇਟੀਆਂ ਦਾ ਤਾਂ ਇਹੀ ਯਤਨ ਹੁੰਦਾ ਹੈ ਕਿ ਵਧ ਤੋਂ ਵਧ ਪਾਠ ਹੁੰਦੇ ਰਹਿਣ ਅਤੇ ਉਨ੍ਹਾਂ ਦੇ ਖਜ਼ਾਨੇ ਵਿਚ ਵਾਧਾ ਹੁੰਦਾ ਰਹੇ । ਅਦਬ ਸਤਿਕਾਰ, ਬਾਣੀ ਦੇ ਪਿਆਰ ਅਤੇ ਮਨਮਤਿ ਦੇ ਸੁਧਾਰ ਵਲ ਕਿਸੇ ਦਾ ਕੋਈ ਧਿਆਨ ਨਹੀਂ ।

ਪੈਸੇ ਨਾਲ ਪਾਠ ਕਰਵਾ ਕੇ ਅਸੀਂ ਮਨ ਨੂੰ ਧਰਵਾਸ ਦੇ ਲੈਂਦੇ ਹਾਂ। ਪਰ ਗੁਰਬਾਣੀ ਵਿਚ ਤਾਂ ਧਨ ਖਰਚਣ ਨਾਲ ਵਾਹਿਗੁਰੂ ਦੀ ਪ੍ਰਾਪਤੀ ਦੇ ਅਮਲ ਨੂੰ ਸਵੀਕਾਰ ਨਹੀਂ ਕੀਤਾ ਗਿਆ—

ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥੧੯॥

(ਗਉੜੀ ਕਬੀਰ ਜੀ, ਪੰਨਾ ੩੨੭)

ਬਾਣੀ ਦੇ ਪਾਠ ਨੂੰ ਮਨ-ਚਿਤ ਇਕਾਗਰ ਕਰ ਕੇ ਸੁਣਨ ਦਾ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ ।



www.AKJ.Org

ਜੇਕਰ ਅਸਾਂ ਪਾਠ ਆਪ ਵੀ ਨਾ ਕੀਤਾ, ਧਿਆਨ ਲਗਾ ਕੇ ਸੁਣਿਆ ਵੀ ਨਹੀਂ, ਪਾਠ ਕਰਵਾਉਣ ਤੇ ਖ਼ਰਚ ਕੀਤੀ ਮਾਇਆ ਕਿਹੜੇ ਲੇਖੇ ?

ਅੱਜ ਕਲ੍ਹ ਦੇ ਦਿਖਾਵੇ ਦੇ ਜੁਗ ਵਿਚ ਵੇਖਾ ਵੇਖੀ ਇਤਨੀ ਵਧ ਰਹੀ ਹੈ ਕਿ ਜੇਕਰ ਕਿਸੇ ਖੁਸ਼ੀ ਗ਼ਮੀ ਦੇ ਮੌਕੇ ਤੇ ਕੋਈ ਸਜਣ ਅਖੰਡ ਪਾਠ ਨਹੀਂ ਕਰਵਾਂਦਾ ਤਾਂ ਲੋਕੀਂ ਇਹ ਸਮਝਣ ਲਗ ਪੈਂਦੇ ਹਨ ਕਿ ਸ਼ਾਇਦ ਉਹ ਸੱਜਣ ਮਾਇਕ ਪੱਖੋਂ ਕਮਜ਼ੋਰ ਹੈ। ਪਾਠ ਕਰਵਾਣਾ ਜਿਵੇਂ ਕਿ ਮਨੁਖ ਦੀ ਸ਼ਾਨ ਦੀ ਨਿਸ਼ਾਨੀ (Status Symbol) ਬਣ ਗਿਆ ਹੋਵੇ। ਸਪਤਾਹਕ ਤੇ ਸਹਿਜ ਪਾਠ, ਅਖੰਡ ਪਾਠ ਦੇ ਮੁਕਾਬਲੇ ਤੇ ਘਟ ਸ਼ਾਨ ਵਾਲੇ ਸਮਝੇ ਜਾਣ ਲਗ ਪਏ ਹਨ। ਕਿਤਨੀ ਦੁਖਦਾਈ ਗੱਲ ਹੈ !

ਇਸ ਤਰ੍ਹਾਂ ਦਿਨੋ ਦਿਨ ਵਧਦੀ ਜਾ ਰਹੀ ਮਨਮਤਿ ਨੂੰ ਠਲ੍ਹ ਪਾਉਣ ਦੀ ਲੋੜ ਹੈ। 'ਧੁਰ ਕੀ ਬਾਣੀ' ਪ੍ਰਤੀ ਇਸ ਕਿਸਮ ਦਾ ਵਰਤਾਉ ਸਾਡਾ ਕਦੇ ਵੀ ਭਲਾ ਨਹੀਂ ਕਰ ਸਕਦਾ। ਅਸੀਂ ਗੁਰੂ ਕੀਆਂ ਖੁਸ਼ੀਆਂ ਦੇ ਪਾਤਰ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਬਾਣੀ ਨੂੰ ਧਿਆਨ ਨਾਲ ਸੁਣੀਏ, ਵਿਚਾਰੀਏ ਅਤੇ ਉਸ ਵਿਚ ਦਰਸਾਏ ਉਪਦੇਸ਼ਾਂ ਤੇ ਅਮਲ ਕਰੀਏ।

ਇਨ੍ਹਾਂ ਗੱਲਾਂ ਵਲ ਖ਼ਾਸ ਕਰਕੇ ਧਿਆਨ ਦੇਣ ਦੀ ਲੋੜ ਹੈ:–ਸਭ ਤੋਂ ਪਹਿਲੀ ਗੱਲ ਇਹੋ ਹੈ ਕਿ ਜਿਥੋਂ ਤਕ ਸੰਭਵ ਹੋਵੇ, ਪਾਠ ਆਪ ਕੀਤਾ ਜਾਏ। ਲਗ ਪਗ ਹਰ ਗੁਰਸਿਖ ਦੇ ਗ੍ਰਿਹ ਵਿਚ ਬਾਬਾ ਜੀ ਦਾ ਪ੍ਰਕਾਸ਼ ਹੁੰਦਾ ਹੈ। ਪਾਠ ਅਰੰਭ ਕਰ ਕੇ ਘਰ ਦੇ ਜੀਅ, ਜਿਤਨਾ ਸਮਾਂ ਮਿਲੇ ਸਹਿਜ ਰੰਗ ਵਿਚ ਪਾਠ ਕਰਨ। ਭੋਗ ਲਈ ਸਮੇਂ ਦੀ ਸੀਮਾ ਨਿਸਚਿਤ ਨਾ ਕੀਤੀ ਜਾਏ। ਜੇਕਰ ਅਚਨਚੇਤ ਕੋਈ ਮੌਕਾ ਬਣ ਜਾਏ ਅਤੇ ਅਖੰਡ ਪਾਠ ਕਰਨ ਦੀ ਲੋੜ ਮਹਿਸੂਸ ਕੀਤੀ ਜਾਏ ਤਾਂ ਵੀ ਆਪ ਸਾਰੇ ਸੱਜਣਾਂ ਮਿਤਰਾਂ ਤੇ ਸਨੇਹੀਆਂ ਸਮੇਤ ਥੋੜਾ ਥੋੜਾ ਸਮਾਂ ਦੇ ਕੇ ਪਾਠ ਕੀਤਾ ਜਾਏ। ਜੇ ਕਿਸੇ ਪਾਠੀ ਸਿੰਘ ਦੀ ਲੋੜ ਪੈ ਹੀ ਜਾਵੇ ਤਾਂ ਉਹ ਕਿਸੇ ਰਹਿਤ-ਬਹਿਤ ਦੇ ਪੂਰੇ ਅੰਮ੍ਰਿਤਧਾਰੀ ਸਿੰਘ ਨੂੰ ਲਗਾਇਆ ਜਾਏ, ਜੋ ਹਰ ਵਾਰੀ ਕੇਸਾਂ ਸਣੇ ਇਸ਼ਨਾਨ ਕਰ ਕੇ ਸਾਵਧਾਨ ਹੋ ਕੇ ਪਾਠ ਕਰੇ। ਘਰ ਦੇ ਸਾਰੇ ਜੀਅ ਵਧ ਤੋਂ ਵਧ ਸਮਾਂ ਹਜ਼ੂਰੀ ਵਿਚ ਬੈਠ ਕੇ ਪਾਠ ਸੁਣਨ। ਯਤਨ ਇਹ ਕੀਤਾ ਜਾਏ ਕਿ ਭਾੜੇ ਦੇ ਪਾਠੀ ਨਾ ਲਗਾਏ ਜਾਣ। ਜੇਕਰ ਪਾਠ ਲਈ ਸਮਾਂ ਆਗਿਆ ਨਾ ਦਿੰਦਾ ਹੋਵੇ ਤਾਂ ਕੀਰਤਨ-ਅਖਾੜੇ ਰਚ ਕੇ ਮੌਕੇ ਨੂੰ ਸੰਭਾਲ ਲਿਆ ਜਾਏ। ਸਾਰੀ ਸੰਗਤ ਮਿਲ ਕੇ ਕੀਰਤਨ ਕਰੇ। ਇਸ ਤਰ੍ਹਾਂ ਸਤਿਗੁਰੂ ਜੀ ਦੀਆਂ ਅਸੀਸਾਂ ਤੇ ਖੁਸ਼ੀਆਂ ਦੇ ਪਾਤਰ ਬਣਿਆ ਜਾਏ।

ਦੂਜੀ ਗੱਲ ਇਹ ਹੈ ਕਿ ਜਿਹੜੇ ਸੱਜਣ ਪਾਠ ਕਰਨ ਦੇ ਅਭਿਆਸੀ ਨਹੀਂ ਹਨ, ਉਹ ਪਾਠ ਸੁਣਨ ਲਈ ਸਮਾਂ ਦੇਣ। ਇਸ ਨਾਲ ਵੀ ਉਨ੍ਹਾਂ ਦਾ ਭਲਾ ਹੋ ਸਕਦਾ ਹੈ।

ਕਈ ਸਜਣਾਂ ਨੇ ਕਿਸੇ ਵਿਸ਼ੇਸ਼ ਅਸਥਾਨ ਤੇ ਪਾਠ ਕਰਵਾਣ ਦੀ ਸੁਖਣਾ ਸੁਖੀ ਹੁੰਦੀ ਹੈ। ਵੈਸੇ ਤਾਂ ਇਹ ਆਪਣੇ ਆਪਣੇ ਵਿਚਾਰ ਦੀ ਗੱਲ ਹੈ, ਪਾਠ ਘਰ ਵਿਚ ਕਰਵਾਇਆ ਜਾਏ ਜਾਂ ਕਿਸੇ ਵਿਸ਼ੇਸ਼ ਅਸਥਾਨ ਤੇ, ਲੋੜ ਤਾਂ ਮਨੋ-ਭਾਵਨੀ ਦੀ ਹੈ। ਜੇ ਵਿਸ਼ੇਸ਼ ਥਾਂ ਤੇ ਭੈ-ਭਾਵਨੀ ਨਹੀਂ ਅਤੇ ਪ੍ਰੇਮ-ਪਿਆਰ ਤੇ ਸ਼ਰਧਾ ਭਾਵਨੀ ਤੋਂ ਕੋਰੇ ਮਾਇਆ ਦੇ ਵਪਾਰੀ ਪਾਠੀਆਂ ਤੋਂ ਪਾਠ ਕਰਵਾ ਲਿਆ ਜਾਂਦਾ ਹੈ ਤਾਂ ਉਸ ਦਾ ਕੋਈ ਮਹੱਤਵ ਨਹੀਂ। ਇਹ ਐਵੇਂ ਮਨ ਨੂੰ ਤਸੱਲੀ ਦੇਣ ਵਾਲੀ ਭਾਵਨਾ ਹੀ ਹੈ।

ਅੱਜ ਕਲ੍ਹ ਇਹ ਗੱਲ ਆਮ ਵੇਖੀ ਜਾ ਰਹੀ ਹੈ ਕਿ ਚਿੱਠੀ ਪੱਤਰ ਰਾਹੀਂ ਹੀ ਪਾਠ ਕਰਵਾਂ ਲਏ ਜਾਂਦੇ ਹਨ। ਇਸ ਤਰ੍ਹਾਂ ਦੇ ਚਾਹਵਾਨ ਸੱਜਣ ਮਾਇਆ ਭੇਜ ਦਿੰਦੇ ਹਨ ਅਤੇ ਚਿੱਠੀ ਰਾਹੀਂ ਉਨ੍ਹਾਂ ਨੂੰ ਪਾਠ ਕੀਤੇ ਜਾਣ ਦੀ ਸੂਚਨਾ ਦੇ ਦਿਤੀ ਜਾਂਦੀ ਹੈ। ਕੀ ਇਸ ਤਰ੍ਹਾਂ ਦਾ ਮਾਇਆ ਦਾ ਵਣਜ ਕਰ ਕੇ ਸਤਿਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕਦੇ ਹਾਂ ? ਕਦਾਚਿਤ ਨਹੀਂ।

ਇਸ ਮਨਮਤਿ ਨੂੰ ਰੋਕਣ ਲਈ ਯੋਗ ਉਪਰਾਲੇ ਦੀ ਲੋੜ ਹੈ। ਗੁਰਦੁਆਰਿਆਂ ਅਤੇ ਗੁਰਦੁਆਰਾ ਕਮੇਟੀਆਂ

[ਬਾਕੀ ਦੇਖੋ ਸਫ਼ਾ ੨੪ ਦੇ ਹੇਠ)



www.AKJ.Org

# ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਤੇ ਜੋਤਿ

[ਪ੍ਰੋ: ਜੋਗਿੰਦਰ ਸਿੰਘ ਜੀ, ਅੰਤ੍ਰਿੰਗ ਮੈਂਬਰ, ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਗੁਰੂ ਹਰਿਗੋਬਿੰਦ ਸਾਹਿਬ ਗੁਰੂ ਅਰਜਨ ਦੇਵ ਜੀ ਦੇ ਇਕੋ ਇਕ ਤੇ ਹੋਣਹਾਰ ਸਪੁਤਰ ਸਨ ਤੇ ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਜੁਗਤਿ ਦੇ ਛੇਵੇਂ ਗੁਰੂ-ਵਾਰਿਸ ਸਨ । ਆਪ ਦਾ ਜਨਮ ਹਾੜ ਵਦੀ ੧,* ਸੰਮਤ ੧੬੫੨ (੯ ਜੂਨ, ੧੫੯੫ ਈ:) ਨੂੰ ਮਾਤਾ ਗੰਗਾ ਜੀ ਦੀ ਕੁਖੋਂ 'ਵਡਾਲੀ' ਵਿਖੇ ਹੋਇਆ। ਗੁਰੂ ਹਰਿਗੋਬਿੰਦ ਜੀ ਦੇ ਜਨਮ ਬਾਰੇ ਸਿੱਖ ਗ੍ਰੰਥਾਂ ਵਿਚ ਇਕ ਰਵਾਇਤ ਪ੍ਰਚੱਲਤ ਹੈ ਕਿ ਮਾਤਾ ਗੰਗਾ ਜੀ ਸਪੁੱਤਰ-ਪ੍ਰਾਪਤੀ ਦੀ ਅਸੀਸ ਤੇ ਵਰਦਾਨ ਲਈ ਬਾਬਾ ਬੁੱਢਾ ਜੀ ਕੋਲ ਗਏ। ਬਾਬਾ ਜੀ ਉਸ ਵੇਲੇ ਪ੍ਰਸ਼ਾਦਾ ਛੱਕ ਰਹੇ ਸਨ। ਜਦੋਂ ਉਹਨਾਂ ਨੇ ਗੰਢਾ (ਪਿਆਜ਼) ਭੰਨਿਆ, ਤਾਂ ਸਹਿਜੇ ਹੀ ਇਹ ਬੋਲ ਪ੍ਰਕਾਸ਼ਮਾਨ ਹੋਇਆ ਕਿ ਮਾਤਾ ਜੀ, ਆਪ ਜੀ ਦੇ ਗ੍ਰਿਹ ਇਕ ਐਸਾ ਗੁਰ-ਭਾਰੀ, ਪਰਉਪਕਾਰੀ ਤੇ ਦਲ-ਭੰਜਨ ਯੋਧਾ ਜਨਮ ਲਵੇਗਾ, ਜਿਹੜਾ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਰਾਖਾ ਵੀ ਹੋਵੇਗਾ ਅਤੇ ਜ਼ੋਰ ਤੇ ਜ਼ੁਲਮ ਦਾ ਵਿਦਰੋਹੀ ਵੀ ਹੋਵੇਗਾ । ਇਤਿਹਾਸ ਸਾਖੀ ਹੈ ਕਿ 'ਹਰਿਗੋਬਿੰਦ' ਜੀ ਦਾ ਜਨਮ ਹੋਇਆ, ਉਹ ਆਪਣੇ ਜੀਵਨ ਚਰਿੱਤਰ ਤੇ ਕਰਤੱਵਾਂ ਵਿਚ ਗੁਰ-ਭਾਰੀ ਵੀ ਬਣੇ, ਪਰਉਪਕਾਰੀ ਵੀ ਸਾਬਤ ਹੋਏ, ਅਤੇ ਦਲ-ਭੰਜਨ ਯੋਧਾ ਵੀ ਪਰਵਾਨ ਚੜ੍ਹੇ। ਗੁਰੂ-ਪ੍ਰੰਪਰਾ ਤੇ ਸਿੱਖ ਇਤਿਹਾਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਦਾ ਕੇਂਦਰੀ-ਬਿੰਦੂ ਇਹ 'ਦਲ-ਭੰਜਨ' ਯੋਧਾ ਹੋਣਾ ਹੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਪਰਵਾਰ ਲਈ 'ਵਿਗਸੰਦਾ' ਦਾ ਜਨਮ ਸੀ ਤੇ ਪ੍ਰਿਥੀਚੰਦ ਵਰਗੇ ਵਿਰੋਧੀਆਂ ਲਈ 'ਵੰਗਾਰ' ਦਾ ਜਨਮ ਸੀ। ਮਾਤਾ ਗੰਗਾ ਜੀ ਦੀ ਸ਼ਾਦੀ ੧੫੮੦ ਈ: ਵਿਚ ਹੋਈ ਸੀ ਤੇ ੧੫੮੧ ਵਿਚ ਉਹਨਾਂ ਦੇ ਪਤੀ ਗੁਰੂ ਅਰਜਨ ਦੇਵ ਜੀ ਗੁਰ-ਸਿੰਘਾਸਣ ਉਤੇ ਬਿਰਾਜਮਾਨ ਹੋ ਗਏ ਸਨ। ੧੪ ਸਾਲ ਬੱਚਾ ਨਾ ਹੋਣ ਕਰਕੇ ਪ੍ਰਿਥੀਚੰਦ ਤੇ ਉਸ ਦਾ ਪਰਵਾਰ ਇਸ ਆਸ ਤੇ ਵਿਸ਼ਵਾਸ ਵਿਚ ਹੀ ਸੀ ਕਿ ਗੁਰੂ ਅਰਜਨ ਦੇਵ ਜੀ ਪਿਛੋਂ ਗੁਰਗੱਦੀ ਦਾ ਵਾਰਿਸ ਵੀ ਮੈਂ, ਗੁਰੂ-ਦਰਬਾਰ ਦੀ ਜਾਇਦਾਦ ਦਾ ਅਧਿਕਾਰੀ ਵੀ ਮੈਂ, ਤੇ ਸਿਖ ਲਹਿਰ ਦਾ ਆਗੂ ਵੀ ਮੈਂ। ਹਰਿਗੋਬਿੰਦ ਜੀ ਦੇ ਜਨਮ ਲੈਣ ਨਾਲ ਜੇ ਗੁਰੂ-ਪਰਵਾਰ, ਗੁਰੂ-ਦਰਬਾਰ ਤੇ ਸ਼ਰਧਾਲੂ ਸਿੱਖਾਂ ਵਿਚ ਖੁਸ਼ੀ ਤੇ ਮੰਗਲਮਈ ਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ, ਤਾਂ ਪ੍ਰਿਥੀਚੰਦ ਨੇ ਹੋਣਹਾਰ ਸਪੁੱਤਰ ਨੂੰ ਮਾਰ-ਮੁਕਾਉਣ ਲਈ, ਕਦੀ ਦਾਈ ਦੇ ਥਣਾਂ ਨੂੰ ਜ਼ਹਿਰ ਲਵਾ ਕੇ, ਕਦੀ ਦਹੀਂ ਵਿਚ ਜ਼ਹਿਰ ਪਵਾ ਕੇ, ਕਦੀ ਸਪੇਰਾ ਬੁਲਾ ਕੇ ਤੇ ਕਦੀ ਹਮਲਾ ਕਰਵਾ ਕੇ, ਅਨੇਕਾਂ ਯਤਨ ਕੀਤੇ। ਇਕ ਵਾਰੀ ਸੀਤਲਾ ਵੀ ਪੂਰੇ ਜ਼ੋਰ ਨਾਲ ਨਿਕਲੀ, ਪਰ ਗੁਰੂ ਹਰਿਗੋਬਿੰਦ ਜੀ ਦੇ ਜਨਮ-ਸੰਸਕਾਰਾਂ ਵਿਚ ਪੁੰਨ, ਪਰਉਪਕਾਰ ਤੇ ਭਗਤੀ-ਭਾਵਾਂ ਦੀ ਲੰਮੀ ਸਾਧਨਾ ਸੀ, ਇਸ ਲਈ ਪ੍ਰਭੂ-ਪ੍ਰਮੇਸ਼ਰ ਨੇ ਹਮੇਸ਼ਾ ਆਪਣਾ ਹੱਥ ਦੇ, ਹਰ ਦੁੱਖ-ਕਲੇਸ਼ ਤੇ ਸੰਕਟ ਵਿਚੋਂ ਗੁਰੂ ਹਰਿਗੋਬਿੰਦ ਜੀ ਨੂੰ ਨਵਾਂ ਨਰੋਆ ਰਖਿਆ।

ਗੁਰੂ ਹਰਿਗੋਬਿੰਦ ਜੀ ਦੀ ਵਿਦਿਆ ਤੇ ਸਿਖਿਆ ਦਾ ਸਾਰਾ ਪ੍ਰਬੰਧ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਸੌਂਪਿਆ ਗਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਗੁਰੂ-ਵਰੋਸਾਏ ਵੀ ਸਨ ਤੇ ਦਿੱਬ-ਦ੍ਰਿਸ਼ਟੀ ਵਾਲੇ ਵੀ ਸਨ। ਸਿੱਖ ਧਰਮ ਤੇ ਧਰਮੀ-ਸ਼ਕਤੀ ਨੂੰ ਜਥੇਬੰਦ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਧਰਮੀ ਕੇਂਦਰ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਸਿਰਜਿਆ ਤੇ ਫਿਰ 'ਧਰਮ-ਵਿਧਾਨ' ਦੇ ਰੂਪ ਵਿਚ ਪੋਥੀ-ਪ੍ਰਮੇਸ਼ਰ ਨੂੰ ਸੰਪਾਦਿਤ ਕਰ ਕੇ, ਜਿਵੇਂ ਰਾਸ਼ਟਰੀ ਗ੍ਰੰਥ ਦੇ ਰੂਪ ਵਿਚ ਉਜਾਗਰ ਕੀਤਾ, ਉਸ ਦਾ ਸਿੱਟਾ ਹੀ ਸੀ, ਕਿ ਗੁਰੂ-ਦਰਬਾਰ ਦੀ ਪ੍ਰਤਿੱਭਾ ਤੇ ਪ੍ਰਤਾਪ ਦਿਨੋ ਦਿਨ ਵਧ ਰਿਹਾ ਸੀ। ਗੁਰੂ ਅਰਜਨ ਦੇਵ ਜੀ ਨੂੰ ਸੱਚਾ ਪਾਤਸ਼ਾਹ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਸੱਚਾ ਦਰਬਾਰ ਆਖਿਆ ਜਾਣ ਲਗ ਪਿਆ ਸੀ । ਧਰਮ ਤੇ ਗਿਆਨ ਦੀਆਂ ਸਾਂਝਾਂ ਤੇ ਸਦਭਾਵਨਾ ਨੂੰ ਬੜਾਵਾ ਦੇਣ ਲਈ ਹਿੰਦੂ ਅਤੇ ਮੁਸਲਮਾਨ ਵੀ ਪੂਰੀ ਸ਼ਰਧਾ, ਨਿਡਰਤਾ ਤੇ ਆਜ਼ਾਦੀ ਨਾਲ ਗੁਰੂ ਦਰਬਾਰ ਵਿਚ ਆਉਣ ਲਗ ਪਏ ਸਨ । ਗੁਰੂ-ਵਿਰੋਧੀ ਅਤੇ ਜਹਾਂਗੀਰ, ਗੁਰੂ-ਦਰਬਾਰ ਦੇ ਇਸ ਵਧ ਰਹੇ

* 'ਮਹਾਨ ਕੋਸ਼' ਨੇ ਹਾੜ ਵਦੀ ੬ ਅਤੇ ੧੪ ਜੂਨ ਲਿਖਿਆ ਹੈ।



www.AKJ.Org

ਪ੍ਰਤਾਪ ਨੂੰ ਕੁਵੱਲੀ ਨਜ਼ਰ ਨਾਲ ਵੇਖ ਰਹੇ ਸਨ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਨਿਕਟ-ਭਵਿੱਖ ਵਿਚ ਵਾਪਰਨ ਵਾਲੇ ਸਾਰੇ ਹਾਲਾਤ ਦਾ ਜਾਇਜ਼ਾ ਵੀ ਸੀ। ਇਹੀ ਕਾਰਨ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਧਰਮ-ਵਿਦਿਆ ਦੇ ਨਾਲ ਨਾਲ ਖੜਗ-ਵਿਦਿਆ, ਘੋੜ-ਸਵਾਰੀ, ਸ਼ਸਤਰ-ਸ਼ਿੰਗਾਰ, ਸ਼ਿਕਾਰ, ਕੁਸ਼ਤੀਆਂ ਤੇ ਫੌਜਾਂ ਰੱਖਣ ਵਲ ਰੁਚਿਤ ਕੀਤਾ ਗਿਆ। ੧੬੦੬ ਈ: ਨੂੰ ਗੁਰੂ ਅਰਜਨ ਦੇਵ ਜੀ ਨੂੰ ਜਿਸ ਸ਼ਾਹੀ ਜ਼ੋਰ ਤੇ ਜ਼ੁਲਮ ਅਧੀਨ ਤਸੀਹੇ ਦੇ ਦੇ, ਜਿਵੇਂ ਸ਼ਹੀਦ ਕੀਤਾ ਗਿਆ, ਉਸ ਦਾ ਰੋਸ ਵੀ ਗੁਰੂ ਹਰਿਗੋਬਿੰਦ ਜੀ ਦੇ ਮਨ ਤੇ ਤਨ ਵਿਚ ਸੀ।

ਗੁਰੂ-ਸਿੰਘਾਸਣ ਉਤੇ ਬੈਠਣ ਵੇਲੇ ਪਿਤਾ-ਗੁਰੂ ਵਲੋਂ ਦਿੱਤੇ ਆਦੇਸ਼, ਅਰਥਾਤ, ਜ਼ੋਰ ਤੇ ਜ਼ੁਲਮ ਨਾਲ ਨਿਰੰਤਰ ਸੰਘਰਸ਼ ਕਰਨਾ, ਇਹ ਵੀ ਉਹਨਾਂ ਦੇ ਅੰਗ ਸੰਗ ਸਨ। ਇਹੀ ਕਾਰਨ ਹੈ ਕਿ ਗੁਰ-ਗੱਦੀ ਉਤੇ ਬੈਠਦਿਆਂ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਬੁਲਾ ਕੇ ਆਖਿਆ ਕਿ ਸਮਾਂ ਤੇ ਹਾਲਾਤ ਵੰਗਾਰਮਈ ਹੋ ਗਏ ਹਨ। ਮੈਨੂੰ ਮੀਰੀ ਤੇ ਪੀਰੀ ਦੀਆਂ ਦੋਵੇਂ ਤਲਵਾਰਾਂ ਪਹਿਨਾਓ। ਇਤਿਹਾਸ ਸਾਖੀ ਹੈ ਕਿ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਮੀਰੀ ਤੇ ਪੀਰੀ ਦੀਆਂ ਦੋਵੇਂ ਤਲਵਾਰਾਂ ਪਹਿਨਾਈਆਂ। ਦਰਸ਼ਨ ਕਰਨ ਆਈਆਂ ਸਿੱਖ ਸੰਗਤਾਂ ਨੂੰ ਮਿਲਣ ਵੇਲੇ ਗੁਰੂ ਹਰਿਗੋਬਿੰਦ ਜੀ ਆਮ ਆਖਿਆ ਕਰਦੇ ਸਨ ਕਿ ਮੇਰੀ ਪਿਆਰੀ ਭੇਟਾ ਜਵਾਨੀ, ਘੋੜੇ ਤੇ ਸ਼ਸਤਰ ਹਨ। ੧੬੦੯ ਈ: ਵਿਚ ਮੁੱਗਲਈ ਤਖ਼ਤਾਂ ਦੇ ਬਰਾਬਰ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁਖ "ਸ੍ਰੀ ਅਕਾਲ ਤਖ਼ਤ" ਵੀ ਬਣਾ ਲਿਆ। ਜਵਾਨਾਂ ਦੀ ਭਰਤੀ ਲਈ ਕੁਝ ਕੇਂਦਰ ਵੀ ਸਥਾਪਿਤ ਕਰ ਲਏ। ਕਵੀ, ਢਾਡੀ ਤੇ ਸੂਰਮੇ ਗੁਰੂ-ਤਖ਼ਤ ਉਤੇ ਆ ਕੇ ਜੁੜਨ ਤੇ ਵਾਰਾਂ ਗਾ ਗਾ ਰੋਸ ਤੇ ਬੀਰ ਜਜ਼ਬਿਆਂ ਨੂੰ ਭੜਕਾਣ ਲਗ ਪਏ। ਗੁਰੂ ਕੋਲ ਤੇ ਸੱਚੇ ਤਖ਼ਤ ਉਤੇ ਆ ਕੇ ਸਿੱਖ ਆਪਣੇ ਜ਼ਾਤੀ ਤੇ ਜੱਦੀ ਝਗੜਿਆਂ ਨੂੰ ਵੀ ਨਿਬੇੜਨ ਲਗ ਪਏ।

ਬਾਦਸ਼ਾਹ ਜਹਾਂਗੀਰ ਨੂੰ ਇਸ ਤਰ੍ਹਾਂ ਮਹਿਸੂਸ ਹੋਣ ਲਗ ਪਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਸ਼ਾਹੀ ਰਾਜ ਦੇ ਮੁਕਾਬਲੇ ਆਪਣਾ ਸੁਤੰਤਰ ਤੇ 'ਨਾਨਕ ਰਾਜ' ਸਥਾਪਿਤ ਕਰਨ ਵਿਚ ਸਫਲ ਹੋ ਰਹੇ ਹਨ। 'ਨਾਨਕ ਰਾਜ' ਨੂੰ ਖ਼ਤਮ ਕਰਨ ਵਾਸਤੇ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗ੍ਰਿਫਤਾਰ ਕਰ ਕੇ, ਪੰਜਾਬ ਦੀ ਕਿਸੇ ਜੇਲ੍ਹ ਵਿਚ ਨਹੀਂ, ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾ ਲਿਆ। ਇਸ ਕਿਲ੍ਹੇ ਵਿਚ ਪਹਿਲਾਂ ਵੀ ਕਈ ਸਰਕਾਰ-ਵਿਰੋਧੀ ਰਾਜੇ ਬੰਦੀ ਪਏ ਹੋਏ ਸਨ। ਲਗ ਪਗ ੧੬੧੧ ਤੋਂ ੧੬੧੪ ਈ: ਤੱਕ, ਗੁਰੂ ਹਰਿਗੋਬਿੰਦ ਜੀ ਇਸ ਗਵਾਲੀਅਰ ਦੇ ਕਿਲ੍ਹੇ ਵਿਚ ਰਹੇ।

ਸੂਫੀ ਫ਼ਕੀਰ ਸਾਈਂ ਮੀਆਂ ਮੀਰ ਗੁਰੂ-ਦਰਬਾਰ ਦੀਆਂ ਧਰਮ ਤੇ ਗਿਆਨ-ਸਾਂਝਾਂ ਦਾ ਸ਼ੈਦਾਈ ਸੀ, ਤੇ ਬੇਗਮ ਨੂਰਜਹਾਂ ਮੀਆਂ ਮੀਰ ਦੇ ਸੇਵਕਾਂ ਵਿਚੋਂ ਸੀ। ਇਕ ਪਾਸੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਗੁਰੂ ਹਰਿ-ਗੋਬਿੰਦ ਸਾਹਿਬ ਜੀ ਦੀ ਗ੍ਰਿਫਤਾਰੀ ਵਿਰੁੱਧ ਰੋਸ-ਪ੍ਰਗਟਾਵਾ ਕਰਦੇ ਹਨ, ਤੇ ਦੂਜੇ ਪਾਸੇ ਮੀਆਂ ਮੀਰ ਤੇ ਬੇਗਮ ਨੂਰਜਹਾਂ ਗੁਰੂ ਜੀ ਦੀ ਆਤਮਕ ਤੇ ਪਰ-ਉਪਕਾਰੀ ਪ੍ਰਤਿਭਾ ਤੋਂ ਜਹਾਂਗੀਰ ਨੂੰ ਪ੍ਰਭਾਵਿਤ ਕਰਦੇ ਹਨ। ਜਹਾਂਗੀਰ ਆਪ ਵੀ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਤਿੱਭਾ ਤੋਂ ਪ੍ਰਭਾਵਿਤ ਹੋਇਆ। ਉਸ ਨੇ ਗੁਰੂ ਹਰਿਗੋਬਿੰਦ ਜੀ ਤੇ ਉਹਨਾਂ ਦੇ ਕਹਿਣ ਉਤੇ ਪਰ ਹੋਰ ਰਾਜਿਆਂ ਨੂੰ ਵੀ ਬੰਦੀ ਵਿਚੋਂ ਛਡ ਦਿੱਤਾ। ਇਸੇ ਯਾਦ ਵਿਚ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ "ਬੰਦੀਛੋੜ ਦਾਤਾ" ਆਖਿਆ ਜਾਂਦਾ ਹੈ, ਉਥੇ ਗਵਾਲੀਅਰ ਵਿਖੇ ਹੀ ਬੰਦੀਛੋੜ ਗੁਰਦੁਆਰਾ ਵੀ ਸਿਰਜਿਆ ਗਿਆ ਹੈ। ਇਤਿਹਾਸ ਸਾਖੀ ਹੈ ਕਿ ਬੰਦੀ ਤੋਂ ਮੁਕਤ ਹੋਣ ਤੋਂ ਲੈ ਕੇ ਜਹਾਂਗੀਰ ਦੇ ਅਖ਼ੀਰਲੇ ਸਵਾਸ ਤੱਕ, ਲਗ ਪਗ ੧੩ ਸਾਲ, ਦੋਹਾਂ ਵਿਚਕਾਰ ਸਾਂਝ-ਸਮਝੌਤਾ ਰਿਹਾ। ਜਹਾਂਗੀਰ ਤੇ ਉਸ ਦੀ ਬੇਗਮ ਇਕ ਵਾਰੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਵਾਸਤੇ ਵੀ ਆਈ। ਇਥੋਂ ਤੱਕ ਕਿ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਰਨ ਵਾਸਤੇ ਸ਼ਾਹੀ ਭੇਟਾ ਵੀ ਭੇਟ ਕੀਤੀ। ਇਹੀ ੧੩ ਸਾਲਾਂ ਦੀ ਸ਼ਾਂਤੀ ਦਾ ਸਮਾਂ ਸੀ, ਜਿਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਸ਼ਕਤੀ ਨੂੰ ਕੇਂਦਰਿਤ ਕਰਨ ਵਾਸਤੇ ਅੰਮ੍ਰਿਤਸਰ, ਕਰਤਾਰਪੁਰ, ਹਰਿਗੋਬਿੰਦਪੁਰ ਤੇ ਕੀਰਤਪੁਰ ਦੀ ਸਿਰਜਣਾ ਵਲ ਧਿਆਨ ਦਿੱਤਾ ਤੇ ਨਾਲ ਨਾਲ ਕਸ਼ਮੀਰ ਅਤੇ ਹੋਰ ਅਨੇਕਾਂ ਸ਼ਹਿਰਾਂ ਵਿਚ ਧਿਆਨੀ-ਪ੍ਰੇਮ ਵਿਚ ਜੁੜੇ ਸਿੱਖਾਂ ਨੂੰ ਮਿਲ ਕੇ ਧਰਮ ਪ੍ਰਚਾਰ ਵਲ ਰੁਚਿਤ ਕੀਤਾ। ਕਸ਼ਮੀਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਤੇ ਭਾਗਭਰੀ



www.AKJ.Org

ਦੀ ਮਿਲਣੀ ਇਤਿਹਾਸਕ ਯਾਦ ਵਜੋਂ ਸੰਭਾਲੀ ਹੋਈ ਹੈ।

੧੬੨੭ ਈ: ਨੂੰ ਜਹਾਂਗੀਰ ਬਾਦਸ਼ਾਹ ਚਲਾਣਾ ਕਰ ਗਿਆ ਤੇ ਮੁਗਲ ਗੱਦੀ ਦਾ ਮਾਲਕ ਸ਼ਾਹ ਜਹਾਨ ਬਣ ਬੈਠਾ। ਗੁਰੂ-ਵਿਰੋਧੀ ਸ਼ਕਤੀਆਂ ਤੇ ਮੁਲਾਂ-ਮੁਲਾਣਿਆਂ ਨੇ ਸ਼ਾਹ ਜਹਾਨ ਦੀ ਅਗਵਾਈ ਵਿਚ ਇਕ ਵਾਰੀ ਫਿਰ ਟਕਰਾਅ ਦਾ ਵਾਤਾਵਰਣ ਸਿਰਜ ਦਿੱਤਾ। ਸ਼ਾਹ ਜਹਾਨ ਤੇ ਗੁਰੂ ਹਰਿਗੋਬਿੰਦ ਜੀ ਵਿਚਕਾਰ ਚਾਰ ਜੰਗਾਂ ਵੀ ਹੋਈਆਂ। ਪ੍ਰੋ: ਪੂਰਨ ਸਿੰਘ ਜੀ ਨੇ ਠੀਕ ਲਿਖਿਆ ਹੈ।

"ਜੰਗਾਂ ਦੌਰਾਨ ਗੁਰੂ ਹਰਿਗੋਬਿੰਦ ਸਾਹਿਬ ਦਾ ਮਨ ਸਦਾ ਸ਼ਾਂਤ, ਨਿਰਭੈ ਤੇ ਅਡੋਲ ਰਿਹਾ। ਉਨ੍ਹਾਂ ਕੋਲ ਸੈਨਿਕ ਸ਼ਕਤੀ ਇੰਨੀ ਕੇਂਦਰਿਤ ਹੋ ਗਈ ਸੀ ਕਿ ਉਹ ਸ਼ਾਹੀ ਦਲਾਂ ਨੂੰ ਭਜਾਣ ਵਿਚ ਸਦਾ ਸਫ਼ਲ ਸਾਬਤ ਹੋਈ।"

ਸ਼ਾਹੀ ਯੁੱਧਾਂ ਤੋਂ ਵਿਹਲਿਆਂ ਹੁੰਦਿਆਂ ਹੀ ਗੁਰੂ ਹਰਿਗੋਬਿੰਦ ਜੀ ਨੇ ਆਪਣਾ ਨਿਵਾਸ ਕੀਰਤਪੁਰ ਵਿਖੇ ਕਰ ਲਿਆ। ਕੀਰਤਪੁਰ ਵਿਖੇ ਹੀ ਗੁਰੂ ਹਰਿਗੋਬਿੰਦ ਜੀ ਨੇ ੧੬੪੪ ਈ: ਵਿਚ, ਪਹਿਲਾਂ ਆਪਣੀ 'ਗੁਰੂ-ਜੋਤਿ' ਨੂੰ ਹਰਿਰਾਇ ਜੀ ਦੇ ਹਿਰਦੇ ਵਿਚ ਟਿਕਾਅ, 'ਗੁਰੂ ਹਰਿਰਾਇ' ਜੀ ਨੂੰ ਸੱਤਵੇਂ ਗੁਰੂ ਦੇ ਰੂਪ ਵਿਚ ਉਜਾਗਰ ਕੀਤਾ ਤੇ ਫਿਰ ਇਥੇ ਹੀ ਆਪ ਸਿੱਖ ਸੰਗਤਾਂ ਨੂੰ ਸਦਾ ਲਈ ਵਿਛੋੜਾ ਦੇ ਗਏ। 'ਗੁਰਦੁਆਰਾ ਪਾਤਾਲਪੁਰੀ' ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀ ਹੀ ਪ੍ਰਸਿੱਧ ਤੇ ਸਥਿਤ ਯਾਦਗਾਰ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੂੰ ਯਾਦ ਕਰਨ ਲਈ ਭਾਈ ਗੁਰਦਾਸ ਜੀ ਦੇ ਬੋਲਾਂ ਨੂੰ ਸਦਾ ਯਾਦ ਕੀਤਾ ਜਾਂਦਾ ਹੈ; ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰੁ ਭਾਰੀ ॥
ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ ॥
ਦਲ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥੪੮॥ (ਵਾਰ ੧)

---

[ਸਫ਼ਾ ੨੧ ਦੀ ਬਾਕੀ]

ਨੂੰ ਇਸ ਮਨਮਤਿ ਨੂੰ ਵਧਾਉਣ ਦਾ ਭਾਗੀ ਨਹੀਂ ਬਣਨਾ ਚਾਹੀਦਾ, ਸਗੋਂ ਇਸ ਨੂੰ ਠਲ੍ਹ ਪਾਉਣ ਲਈ ਘਟੋ ਘਟ ਇਹ ਨਿਯਮ ਤਾਂ ਲਾਜ਼ਮੀ ਕਰ ਦੇਣਾ ਚਾਹੀਦਾ ਹੈ ਕਿ ਜਿਹੜਾ ਪਰਵਾਰ ਪਾਠ ਕਰਵਾਣਾ ਚਾਹਵੇ, ਉਸ ਪਰਵਾਰ ਦੇ ਜੇ ਸਾਰੇ ਜੀਅ ਨਾ ਹਾਜ਼ਰੀ ਭਰ ਸਕਣ ਤਾਂ ਘਟੋ ਘਟ ਇਕ ਜੀਅ ਤਾਂ ਪਾਠ-ਅਸਥਾਨ ਤੇ ਜ਼ਰੂਰ ਹਾਜ਼ਰ ਹੋਵੇ। ਘਰ ਦੇ ਜੀਅ ਚਾਹੁਣ ਤਾਂ ਉਹ ਹਾਜ਼ਰੀ ਭਰਨ ਲਈ ਆਪਣੀਆਂ ਵਾਰੀਆਂ ਬੰਨ੍ਹ ਲੈਣ। ਇਸ ਨਾਲ ਪਾਠ ਸੁਣਨ ਦਾ ਮੌਕਾ ਮਿਲੇਗਾ ਤੇ ਪਾਠ ਕਰਨ ਵਾਲਾ ਵੀ ਸਾਵਧਾਨ ਹੋ ਕੇ ਪਾਠ ਕਰੇਗਾ। ਇਉਂ ਕਰਵਾਇਆ ਪਾਠ ਹੀ ਫਲਦਾਇਕ ਹੋ ਸਕਦਾ ਹੈ।

ਇਕੱਠੇ ਪਾਠ ਬਿਲਕੁਲ ਹੀ ਨਹੀਂ ਰਖੇ ਜਾਣੇ ਚਾਹੀਦੇ। ਇਹ ਮਨਮਤਿ ਹੈ ਅਤੇ ਸਤਿਗੁਰੂ ਦਾ ਅਪਮਾਨ ਹੈ। ਇਕੋ ਪਾਠੀ ਹੀ ਪਾਠ ਕਰਦਾ ਹੈ ਤੇ ਬਾਕੀਆਂ ਦੇ ਤਾਂ ਬੁਲ੍ਹ ਵੀ ਨਹੀਂ ਹਿਲਦੇ। ਪਾਠਾਂ ਦੀਆਂ ਇਹ ਲੜੀਆਂ ਕੌਮ ਨੂੰ ਕੁਰਾਹੇ ਪਾਉਣ ਵਾਲੀ ਗੱਲ ਹੈ। ਗਿਣਤੀਆਂ ਮਿਣਤੀਆਂ ਨਾਲ ਪਾਰ-ਉਤਾਰਾ ਨਹੀਂ ਹੋਣਾ, ਸਗੋਂ ਮਨ-ਭਾਵਨੀ ਅਤੇ ਸਤਿਗੁਰਾਂ ਦਾ ਪੂਰਨ ਸਤਿਕਾਰ ਹੀ ਲੇਖੇ ਵਿਚ ਹੈ।

ਸੋ ਜ਼ਰੂਰੀ ਹੈ ਕਿ ਗੁਰੂ ਰੂਪ ਬਾਣੀ ਦਾ ਪੂਰਾ ਸਨਮਾਨ ਤੇ ਸਤਿਕਾਰ ਰਖਦਿਆਂ ਪਾਠਾਂ ਵਿਚ ਮਨਮਤਿ ਨਾ ਲਿਆਂਦੀ ਜਾਏ। ਦਿਖਾਵੇ ਦੀ ਥਾਂ ਸ਼ਰਧਾ, ਪ੍ਰੇਮ ਤੇ ਸਤਿਕਾਰ ਨੂੰ ਮੁਖ ਰਖਿਆ ਜਾਏ। ਪੈਸਾ ਖਰਚ ਕੇ ਹੀ ਮਨ ਨੂੰ ਤਸੱਲੀ ਨਾ ਦਿਤੀ ਜਾਏ। ਜਿਥੋਂ ਤਕ ਸੰਭਵ ਹੋਵੇ, ਪਾਠ ਆਪ ਕੀਤਾ ਜਾਏ, ਸੁਣਿਆ ਜਾਏ ਤੇ ਗੁਰਬਾਣੀ ਤੇ ਵਿਚਾਰ ਕਰਕੇ ਉਸ ਤੋਂ ਮਿਲਦੇ ਉਪਦੇਸ਼ ਨੂੰ ਧਾਰਨ ਕਰ ਕੇ ਜੀਵਨ ਵਿਚ ਅਗਵਾਈ ਪ੍ਰਾਪਤ ਕੀਤੀ ਜਾਏ।



www.AKJ.Org

ਵਾਰ–

# ਗੁਰੂ ਹਰਿਗੋਬਿੰਦ ਸਾਹਿਬ ਦਾ ਦੂਜਾ ਜੰਗ

ਸ: ਅਤਰ ਸਿੰਘ ਨੀਰ, 62-ਸੈਨਕ ਵਿਹਾਰ, ਦਿਲੀ-34

ਚੰਦੂ ਦਾ ਪੁਤ ਕਰਮਚੰਦ ਰਹੇ ਵਿਉਂਤ ਬਣਾਂਦਾ। ਛੇਵੇਂ ਗੁਰ-ਦਰਬਾਰ ਵਿਚ ਬੰਦੇ ਭਿਜਵਾਂਦਾ।
ਉਲਟ ਪੁਲਟ ਜਾ ਬਕਦੇ ਜੋ ਮੂੰਹ ਚਿ ਆਂਦਾ। ਏਦਾਂ ਰਿਸ਼ਤੇਦਾਰ ਉਹਦਾ ਭਗਵਾਨਾ ਨਾਂ ਦਾ।
ਕਰਨ ਲਗਾ ਹੰਕਾਰ ਵਿਚ ਅਪਮਾਨ ਗੁਰਾਂ ਦਾ। ਸਿਖਾਂ ਫੜ ਕੇ ਭੰਨਿਆ ਜਿਉਂ ਤਰਬੂਜ਼ ਚਨਾਂ ਦਾ ॥੧॥
ਪੁਤਰ ਉਹਦਾ ਰਤਨ ਚੰਦ ਤੇ ਕਰਮਾ ਕਾਹਰੀ। ਸੂਬੇ ਅਬਦੁਲਾ ਖਾਨ ਨਾਲ ਜਾ ਗੰਢੀ ਸਾਰੀ।
ਮਾਰੀਏ ਗੁਰੂ ਹਰਿਗੋਬਿੰਦ ਨੂੰ ਕੋਈ ਸੱਟ ਕਰਾਰੀ। ਚੜ੍ਹਤਾਂ ਉਸਦੀਆਂ ਵਧੀਆਂ ਤੇ ਦੱਬਦਬਾ ਭਾਰੀ।
ਹਰ ਇਕ ਪਾਸੇ ਆਪਣੀ ਉਸ ਫੌਜ ਖਿਲਾਰੀ। ਢੂੰਡ ਬਹਾਨਾ ਲੜਨ ਦੀ ਕਰ ਲਈ ਤਯਾਰੀ ॥੨॥
ਫੌਜ ਇਕੱਠੀ ਚਾਰ ਹਜ਼ਾਰ ਕਰ ਸੂਬੇ ਚਾੜ੍ਹੀ। ਫੜਨਾ ਗੁਰੂ ਸਿਖਾਂ ਦਾ ਅਸਾਂ ਅਜ ਦਿਹਾੜੀ।
ਹਰ ਥਾਂ ਸਾਡੇ ਰਾਜ ਦੀ ਉਸ ਛਬੀ ਵਿਗਾੜੀ। ਨਵੇਂ ਹੀ ਸੂਰਜ ਨਵੀਂ ਹੀ ਉਸ ਭਾਜੀ ਚਾੜ੍ਹੀ।
ਮੀਰੀ ਪੀਰੀ ਉਸ ਦੀ ਕਰ ਫਾੜੀ ਫਾੜੀ। ਸੁਟਣੀ ਅਸਾਂ ਸੂਰਿਓਂ ਵਿਚ ਡੂੰਘੀ ਖਾੜੀ ॥੩॥
ਏਧਰ ਆਖਿਆ ਸਿਖਾਂ ਨੂੰ ਗੁਰਾਂ ਕੋਲ ਬੁਲਾ ਕੇ। ਨਾਲ ਠਰ੍ਹੰਮੇ ਪਿਆਰ ਦੇ ਸਭ ਨੂੰ ਸਮਝਾ ਕੇ।
ਚਾਹੀਏ ਰਾਜ-ਹਕੂਮਤਾਂ ਦੇ ਨਾ ਸਾਨੂੰ ਝਾਕੇ। ਐਪਰ ਸਹਿਣੇ ਅਸਾਂ ਨਹੀਂ ਹੰਕਾਰ-ਕੜਾਕੇ।
ਭੈ ਖਾਣਾ ਨਹੀਂ ਨਠਣਾ, ਤੁਸਾਂ ਕੰਡ ਵਿਖਾ ਕੇ। ਧਰਮ-ਯੁਧ ਹੈ ਰਚਿਆ, ਲੜੋ ਸਾਹਵੇਂ ਜਾ ਕੇ ॥੪॥
ਗੁਰੂ ਨਾਨਕ ਦੇ ਘਰ ਦੀ ਵਡੀ ਵਡਿਆਈ। ਸਰਬ ਸਾਂਝ ਦੀ ਜੱਗ ਵਿਚ ਕੀਤੀ ਰੁਸ਼ਨਾਈ।
ਮਾਰਨਾ ਨਹੀਂ ਨਿਹੱਥਿਆਂ, ਨ ਭਜਦਿਆਂ ਤਾਈਂ। ਸ਼ਰਨ ਆਏ ਨਾਲ ਵਰਤਣੀ ਤੁਸਾਂ ਨਰਮਾਈ।
ਜੜ੍ਹ ਜ਼ੁਲਮ ਦੀ ਖੋਖਲੀ ਮੁਢੋਂ ਹੁੰਦੀ ਆਈ। ਲੜਨਾ ਆਖ਼ਰ ਦਮਾਂ ਤਕ, ਨਹੀਂ ਚਿੰਤਾ ਕਾਈ ॥੫॥
ਹੜ ਵਾਂਗੂ ਵੈਰੀ ਆ ਗਿਆ ਮਾਰੇ ਲਲਕਾਰਾ। ਮਚਿਆ ਜੰਗ ਘਮਸਾਨ ਦਾ ਬੜਾ ਸ਼ੋਰ ਸ਼ਰਾਰਾ।
ਵਾਛੜ ਤੀਰਾਂ ਦੀ ਹੋਵੇ ਜਿਉਂ ਸਾਵਣ-ਧਾਰਾ। ਛਾ ਗਏ ਬਾਣ ਅਸਮਾਨ ਤੇ ਬਣ ਛਪਰ ਭਾਰਾ।
ਲੁਕੇ ਸੱਪ ਸਿਆਲ ਜਿਉਂ ਇਉਂ ਵੈਰੀ ਸਾਰਾ। ਲਾਲ ਗੁਰੂ ਦੇ ਛਡਦੇ ਐਪਰ ਜੈਕਾਰਾ ॥੬॥
ਹਲਾ ਬੋਲਿਆ ਮੁਹੰਮਦ ਖਾਨ ਲਾ ਚੋਟ ਕਰਾਰੀ। ਅਗੇ ਸਿਖ ਗੁਰੂ ਦਾ ਜਟੂ ਬਲਕਾਰੀ।
ਵਾਹੀ ਡਾਢੇ ਰੋਹ ਵਿਚ ਉਸ ਸਾਂਗ ਦੋਧਾਰੀ। ਘੋੜਾ ਗਿਆ ਖ਼ਾਨ ਦਾ ਪਰਲੋਕ ਸਿਧਾਰੀ।
ਜ਼ਖਮੀ ਹੋਏ ਖ਼ਾਨ ਵੀ ਚੁਕ ਉਲਟੀ ਮਾਰੀ। ਖ਼ਾਨ ਤੇ ਜਟੂ ਦੁਹਾਂ ਦੀ ਉਮਰ ਮੁਕੀ ਸਾਰੀ ॥੭॥
ਬੈਰਮ ਖ਼ਾਂ ਫਿਰ ਵਧਿਆ ਸੰਜੋਏ ਮੜ੍ਹਿਆ। ਕੂਲਾ ਤਕ ਸ਼ਿਕਾਰ ਜਿਉਂ ਭੇੜੀਆ ਚੜ੍ਹਿਆ।
ਧਾੜਦੇ ਹੋਏ ਕਰੋਧ ਵਿਚ ਅੜਿਆ ਮੂੰਹ ਸੜਿਆ। ਮਥਰਾ ਗੁਰੂ ਦਾ ਲਾਲ ਸੀ ਉਸ ਅਗੇ ਖੜਿਆ।
ਤਾੜ ਕੇ ਉਸ ਦੇ ਮੂੰਹ ਵਿਚ ਇਉਂ ਨੇਜ਼ਾ ਜੜਿਆ। ਬੈਰਮ ਗਿਆ ਅਸਮਾਨ ਨੂੰ, ਧੜ ਧਰਤੀ ਝੜਿਆ ॥੮॥
ਬਲਵੰਡ ਖ਼ਾਨ ਤੇ ਅਲੀਖ਼ਾਨ ਫਿਰ ਆਏ ਅਗੇ। ਭਰੇ ਪੀਤੇ ਹੰਕਾਰ ਚਿ ਝੱਗ ਮੂੰਹ ਚੋਂ ਵਗੇ।
ਜੋ ਕੁਝ ਵੀ ਉਹ ਕਰ ਸਕੇ, ਕਰਦੇ ਰਹੇ ਢਗੇ। ਐਪਰ ਸਿਖਾਂ ਜਾਣਿਆ ਇਹ ਤਿਤਰ ਬਗੇ।
ਭਾਈ ਕਲਿਆਣਾ ਮਾਰਦੇ ਬਾਣਾਂ ਦੇ ਛਗੇ। ਅਲੀ ਰੁਲਿਆ ਖ਼ਾਕ ਵਿਚ ਜਿਉਂ ਕਟੇ ਤਗੇ ॥੯॥
ਅਮਾਮ ਗੁਸੇ ਵਿਚ ਭਖਿਆ ਉਠ ਕੀਤਾ ਹਲਾ। ਐਪਰ ਨਾਨੂ ਮਾਰਿਆ ਇਉਂ ਜ਼ੋਰ ਦਾ ਟਲਾ।
ਕਿ ਖੱਬੀ ਬਾਂਹ ਦਾ ਟੁਕੜਾ ਹੋਇਆ ਕਲਾ ਕਲਾ। ਫਿਰ ਵੀ ਰੁਕਿਆ ਉਸਦਾ ਨ ਜੋਸ਼ ਅਝੱਲਾ।
ਵੱਢ ਗਿਆ ਸਜੇ ਹੱਥ ਨਾਲ ਨਾਨੂ ਦਾ ਗਲਾ। ਭੱਗਦੜ ਮਚੀ ਸਿਖਾਂ ਵਿਚ, ਇਉਂ ਵਰਤੀ ਕਲਾ ॥੧੦॥
ਸੰਭਾਲਿਆ ਮੌਕਾ ਬਿਧੀ ਚੰਦ ਜੀ ਹੋ ਅਗੇਰੇ। ਪਰਾਗਾ ਜੀ ਲਲਕਾਰ ਕੇ ਦੁਸ਼ਮਨ ਆ ਘੇਰੇ।
ਬਾਣ ਛਡੇ ਇਉਂ ਜ਼ੋਰ ਦੇ ਹੋ ਹੋ ਉਚੇਰੇ। ਅਮਾਮ ਬਖ਼ਸ਼ ਗਿਆ ਛਿਲਿਆ ਹੋਏ ਬੇਰੇ ਬੇਰੇ।
ਵੈਰੀ ਹਫੇ, ਨਸ ਪਏ, ਹੋ ਗਏ ਹਨੇਰੇ। ਜਿਤ ਦੇਇਗਾ ਵਾਹਿਗੁਰੂ ਫਿਰ ਕਲ੍ਹ ਸਵੇਰੇ ॥੧੧॥



www.AKJ.Org

ਉਠ ਸਵੇਰੇ ਸਿਖਾਂ ਨੇ ਛੋੜੇ ਜੈਕਾਰੇ । ਭੋਲਣ, ਸਕਤੂ, ਜਗਨਾ ਪਿਰਾਗਾ ਚਾਰੇ ।
ਖੜ ਗਏ ਲੈ ਕੇ ਆਪਣੇ ਬਲਵਾਨ ਜੁਝਾਰੇ । ਮੋਰਚੇ ਕਰ ਲਏ ਤਕੜੇ ਹਰ ਪਾਸੇ ਸਾਰੇ ।
ਸੂਬਾ ਆਇਆ ਸਾਹਮਣੇ ਸਿਟਦਾ ਅੰਗਾਰੇ । ਪਰ ਸਿਖਾਂ ਅਗੋਂ ਝਪਿਆ ਲਾ ਹੱਥ ਕਰਾਰੇ ॥੧੨॥
ਅਬਦੁਲਾ ਸੜਿਆ ਗੁਸੇ ਵਿਚ ਹੋ ਗਿਆ ਕੋਲੇ । ਝਗਾਂ ਸਿਟੇ ਮੂੰਹ ਚੋਂ ਹਲਕਾਇਆ ਬੋਲੇ :
ਅਸਾਂ ਭੰਨੇ ਵਾਂਗ ਭੜੋਲੀਆਂ ਪਰ ਇਹ ਨਹੀਂ ਡੋਲੇ । ਪੀਡੇ ਸਾਡੇ ਪਰਬਤੋਂ ਇਨ੍ਹਾਂ ਕੀਤੇ ਪੋਲੇ ।
ਕਰੀਮਾਂ, ਨਬੀ, ਰਤਨਾ ਤੇ ਕਰਮਾ ਛੋਲ੍ਹੇ । ਸੁਟੇ ਉਸ ਮੈਦਾਨ ਵਿਚ ਇਹ ਬੰਬ ਦੇ ਗੋਲੇ ॥੧੩॥
ਰਤਨ, ਕਰਮ ਚੰਦ ਚਾਂਘਦੇ ਕਰ ਲੰਮੀਆਂ ਬਾਹਾਂ । ਕਸ ਕਸ ਤੀਰ ਚਲਾਂਵਦੇ ਉਠ ਉਠ ਉਤਾਹਾਂ ।
ਪਰ ਆਖੀ ਸੱਚ ਸਿਆਣਿਆਂ ਗੱਲ ਇਸਤਰ੍ਹਾਂ । ਕਿ ਮੌਤ ਜੇ ਆਵੇ ਗਿਦੜੀ ਉਹ ਭਜੇ ਵਲ ਗਰਾਂ ।
ਕਾਲ ਜੇ ਅ ਵੇ ਨਾਗ ਦਾ, ਆ ਬੈਠੇ ਉਤੇ ਰਾਹਾਂ । ਮਾਰੀ ਜਾਵੇ ਮੱਤ ਤਾਂ ਸੁਝਦਾ ਕੁਝ ਵੀ ਨਾਂਹ ॥੧੪॥
ਗੁਸਾ ਖਾ ਕੇ ਕਰਮਚੰਦ ਨੇ ਬਾਣ ਚਲ ਇਆ । ਸਿਧਾ ਸਾਹਵੇਂ ਬਿਧੀ ਚੰਦ ਦੇ ਸੀਨੇ ਆਇਆ ।
ਐਪਰ ਡੋਲਿਆ ਸ਼ੇਰ ਨ ਤੇ ਨਹੀਂ ਘਬਰਾਇਆ । ਨਾਲ ਕਮਾਲਾਂ ਤੀਰ ਖਿਚ ਉਲਟਾ ਹੀ ਵਾਹਿਆ ।
ਪਾ ਕਮੰਦ ਫਿਰ ਖਿਚਿਆ ਕਰਮਾ ਉਲਟਾਇਆ । ਬੰਨ੍ਹ ਕੇ ਗੁਰੂ ਦਯਾਲ ਦੇ ਚਰਨਾਂ ਵਿਚ ਲਿਆਇਆ ॥੧੫॥
ਬਗਲੇ ਵਾਂਗੂ ਮੀਟੀਆਂ ਤੇ ਨੀਵੀਂ ਪਾਈ । ਸਾਹ ਸੱਤ ਅੰਦਰੋਂ ਮੁਕਿਆ ਰਹੀ ਹੋਸ਼ ਨ ਕਾਈ ।
ਕਾਲ ਸਿਰੇ ਤੇ ਕੂਕਦਾ ਪਿਆ ਦਹੇ ਦੁਹਾਈ । ਵੇਖ ਨਿਹੱਥਾ ਛਡਿਆ, ਗੁਰਾਂ ਮੇਹਰ ਕਰਾਈ ।
ਨ ਕੋਈ ਦੰਡ ਸਜ਼ਾ, ਨ ਕੋਈ ਤਾਉੜੀ ਲਾਈ । ਭਜ ਉਠਿਆ ਉਹ ਇਸਤਰ੍ਹਾਂ ਜਿਉਂ ਚੂਹੀ ਫਾਹੀ ॥੧੬॥
ਪਿਛਾਂ ਪਰਤ ਨ ਤਕਿਆ, ਗਿਆ ਦੁਮ ਦਬਾ ਕੇ । ਅਬਦੁਲੇ ਤਾਈਂ ਆਖਿਆ ਉਸ ਨੇੜੇ ਜਾ ਕੇ ।
ਸੌਖਾ ਗੁਰੂ ਨੂੰ ਮਾਰਨਾ, ਲਾਹੋ ਡਰ ਤੇ ਝਾਕੇ । ਇਕ ਇਕੱਲਾ ਆਪ ਉਹ, ਹੋਰ ਤਿੰਨ ਲੜਾਕੇ ।
ਪੈ ਜਾਉ ਸਾਰੇ ਟੁਟ ਕੇ ਤਲਵਾਰ ਘੁਮਾ ਕੇ । ਪੈਰ ਚੁੰਮੇਗੀ ਸੂਬਿਆ, ਜਿਤ ਤੁਹਾਡੇ ਆ ਕੇ ॥੧੭॥
ਅਬਦੁਲੇ ਦਿਤੀ ਪੁਤਰਾਂ ਨੂੰ ਹਲਾ ਸ਼ੇਰੀ । ਉਹ ਚੜ੍ਹੇ ਵਿਚ ਹੰਕਾਰ ਦੇ, ਬਣ ਲਾਲ ਹਨੇਰੀ ।
ਸਿਰਲਥਾਂ ਸੰਗ ਟਕਰਾਉਣਾ ਨ ਗਲ ਸੌਖੇਰੀ । ਸਿਖਾਂ ਨੱਪ ਕੇ ਕਰ ਦਿਤੇ ਦੋਵੇਂ ਹੀ ਢੇਰੀ ।
ਗੱਚ ਭਰਿਆ ਸੂਬੇ ਅੱਖ ਭਰੀ ਸੀਨੇ ਚਿ ਘੇਰੀ । ਆਖੇ ਕਿਵੇਂ ਨਿਭੇਗੀ ਹੁਣ ਅਲ੍ਹਾ ਮੇਰੀ ॥੧੮॥
ਮਾਰੀ ਖਿਚ ਕੇ ਗੁਰਾਂ ਵਲ ਉਸ ਸਾਂਗ ਦੁਧਾਰੀ । ਸਾਹਵੇਂ ਛਾਤੀ ਡਾਹ ਕੇ ਗੁਰਾਂ ਆਪ ਸਹਾਰੀ ।
ਰਤਨਾ ਕਰਮਾ ਡਿਗ ਪਏ ਜਿਉਂ ਪਟੜੇ ਭਾਰੀ । ਕਲਬੂਤ ਰੁਲਣ ਵਿਚ ਮਿਟੀਆਂ, ਰੂਹ ਅਰਸ਼ ਸਿਧਾਰੀ ।
ਸਤਿਗੁਰ ਆਖਿਆ ਸੂਬਿਆ, ਕਰ ਮਨ ਦੀ ਸਾਰੀ । ਤੇਰੇ ਪਿਛੋਂ ਆਵਣੀ ਫਿਰ ਸਾਡੀ ਵਾਰੀ ॥੧੯॥
ਵਾਹ ਲਾਈ ਸਭੋ ਖ਼ਾਨ ਨੇ, ਕੁਝ ਪੇਸ਼ ਨ ਚਲੀ । ਹਰ ਇਕ ਉਸਦੀ ਮਾਰ, ਗੁਰਾਂ ਨੇ ਸੀਨੇ ਝਲੀ ।
ਫਿਰ ਗਜੇ, ਬੋਲੇ ਸੂਬਿਆ, ਗੱਲ ਸੁਣ ਲੈ ਭਲੀ । ਜੋ ਕਰਨਾ ਈ ਕਰ ਲੈ, ਤੂੰ ਨਾਲ ਤਸੱਲੀ ।
ਮੌਤ ਤੇਰੀ ਪਈ ਬੋਲਦੀ, ਨਹੀਂ ਜਾਣੀ ਟਲੀ । ਤੈਥੋਂ ਜਾਣੀ ਤੇਗ ਨ ਅਸਾਂ ਦੀ ਠਲ੍ਹੀ ॥੨੦॥
ਤਾਂ ਸੋਢੀ ਕੁਲ ਕਲਗੇਸ਼ ਚੰਡੀ ਚਮਕਾਈ । ਬਿਜਲੀ ਜਿਵੇਂ ਆਕਾਸ਼ ਤੇ ਬਦਲਾਂ ਚੋਂ ਆਈ ।
ਫਿਰ ਸਿਧੀ ਖਿਚ ਕੇ ਉਸ ਦੇ ਸੀਨੇ ਤੇ ਲਾਈ । ਡਿਗਾ ਖਾ ਭਵਾਟੀਆਂ ਨਦੀ ਲਹੂ ਦੀ ਆਈ ।
ਕੜ ਟੁਟਾ ਜ਼ੁਲਮ ਤੇ ਜਬਰ ਦਾ ਗੁਰਾਂ ਫਤਹ ਬੁਲਾਈ । ਸੁਸਰੀ ਵਾਂਗੂ ਸੌਂ ਗਈ ਹੈਂਕੜ ਬੁਰਿਆਈ ॥੨੧॥
ਨਦੀ ਬਿਆਸ਼ਾ ਜਾ ਰਹੀ ਵਿਚ ਡਾਢੇ ਜ਼ੋਰਾਂ । ਸ਼ਾਂਤੀ ਭੰਨੀ ਹਰ ਤਰਫ਼ ਪਾਣੀ ਦੇ ਸ਼ੋਰਾਂ ।
ਸਿਖ ਸ਼ਹੀਦ ਸੰਭਾਲ ਲਏ ਸਭ ਤਿਖੇ ਰੋਹੜਾਂ । ਮੁਸਲਮਾਨ ਦਬਵਾ ਦਿਤੇ ਖੁਦਵਾ ਕੇ ਗੋਰਾਂ ।
ਵੈਰ ਬਖ਼ੀਲੀ ਈਰਖਾ ਦੀਆਂ ਕਟੀਆਂ ਡੋਰਾਂ । ਸਰਬ-ਸਾਂਝ ਦੀਆਂ ਕੀਤੀਆਂ ਮੁਕੰਮਲ ਤੋਰਾਂ ॥੨੨॥
ਸੁਣਿਆ ਸ਼ਾਹਜਹਾਨ ਨੇ ਤਾਂ ਸਿਰ ਨਿਵਾਇਆ । ਨਾਨਕ ਸ਼ਾਹ ਫਕੀਰ ਨੇ ਵਾਹ ਪੰਥ ਚਲਾਇਆ ।
ਸਰਬ-ਸਾਂਝ ਦਾ ਸਭ ਨੂੰ ਪੈਗਾਮ ਸੁਣਾਇਆ । ਹਰ ਧਰਮ ਹਰ ਮਜ਼ੁਬ ਦਾ ਸਨਮਾਨ ਬਣਾਇਆ ।
ਬੰਦੀ-ਛੋੜ ਹਰਿਗੁਬਿੰਦ ਤੂੰ ਕਰਮ ਕਮਾਇਆ । ਕਾਇਮ ਰਹੇਗੀ 'ਨੀਰ' ਇਹ ਪਿਆਰਾਂ ਦੀ ਛਾਇਆ ॥੨੩॥

www.AKJ.Org

# ਮੀਰੀ ਪੀਰੀ ਅਤੇ ਰਾਜ ਸਾਜ

ਪੀਰੀ ਦੇ ਨਾਲ ਮੀਰੀ ਨੂੰ ਪਰਤੱਖ ਰੂਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਿੱਤਾ ਹੈ, ਪਰ ਮੀਰੀ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਰਖ ਦਿਤੀ ਸੀ। ਇਸ ਨਿਰਭੈ ਸੂਰਮੇ ਪੀਰ ਨੇ ਬੜੀ ਦਲੇਰੀ ਨਾਲ ਵਡੇ ਵਡੇ ਪਾਤਸ਼ਾਹਾਂ ਨੂੰ, ਭਾਰੀ ਮਿਲਖਵੰਤਾਂ ਤੇ ਜ਼ਾਲਮ ਜਰਵਾਣਿਆਂ ਨੂੰ, ਵੇਲੇ ਦੀ ਹਕੂਮਤ 'ਤੇ ਛਾਏ ਕਾਜ਼ੀਆਂ ਮੁਲਾਣਿਆਂ ਨੂੰ, ਹਿੰਦੂ ਜਨਤਾ ਦੇ ਮੁਖੀ ਪੰਡਤਾਂ ਤੇ ਬ੍ਰਾਹਮਣਾਂ ਨੂੰ ਵੰਗਾਰਿਆ ਅਤੇ ਉਨ੍ਹਾਂ ਦੇ ਜ਼ੁਲਮਾਂ ਤੇ ਕੂੜ ਕੁਸੱਤ ਨੂੰ ਨਿਧੜਕ ਹੋ ਕੇ ਨਸ਼ਰ ਕੀਤਾ ਅਤੇ ''ਸੱਚ ਕੀ ਬਾਣੀ'' ਆਖਣ ਵਿਚ ਬਾਬਰ ਜਹੇ ਜਰਵਾਣੇ ਮੀਰ ਤੋਂ ਵੀ ਰਤਾ ਜਿੰਨੇ ਨਾ ਝਿਜਕੇ।

ਡਾਕਟਰ ਤਾਰਨ ਸਿੰਘ ਜੀ ਨੇ ਇਸੇ ਭਾਵ ਨੂੰ ਇਉਂ ਬਿਆਨ ਕੀਤਾ ਹੈ–

''ਸੱਚੀ ਬੀਰਤਾ ਗੁਰੂ ਨਾਨਕ ਦੀ ਲਲਕਾਰ ਵਿਚ ਹੈ, ਅਤੇ ਉਸ ਦੇ ਸਾਰੇ ਕਿਰਦਾਰ ਵਿਚ ਹੈ। ਇਸੇ ਬੀਰਤਾ ਲਈ ਉਸ ਨੇ 'ਸਿਰ ਤਲੀ' ਤੇ ਰਖਣ ਲਈ ਕਿਹਾ ਹੈ, ਅਤੇ ਇਸੇ ਬੀਰਤਾ ਨੂੰ ਉਸ ਨੇ 'ਪ੍ਰੇਮ ਖੇਲਣਾ' ਆਖਿਆ ਹੈ। ਜਿਸ ਵੇਲੇ ਗੁਰੂ ਨਾਨਕ ਨੇ ਪਾਖੰਡ ਨੂੰ ਲਲਕਾਰਿਆ ਤਾਂ ਉਹ ਵੀ ਅਪਹੁੰਚ ਬੀਰਤਾ ਸੀ। ਅਤੇ ਉਸ ਲਈ ਵੀ ਸਿਰ ਤਲੀ ਤੇ ਰਖਣ ਦੀ ਲੋੜ ਸੀ, ਜਦੋਂ ਉਸ ਨੇ ਬਾਬਰ ਨੂੰ 'ਪਾਪ ਕੀ ਜੰਞ' ਦਾ ਹਾਲ ਸੁਣਾਇਆ ਜਾਂ ਪਾਖੰਡੀਆਂ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ, 'ਮਾਣਸ-ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥'......ਸਾਰੇ ਹਿੰਦੁਸਤਾਨ ਵਿਚ ਪਸਰੀ ਕਾਇਰਤਾ ਨੂੰ ਇਸ ਤਰ੍ਹਾਂ ਵੰਗਾਰ ਸਕਣਾ ਹੀ ਸੂਰਮਗਤੀ ਹੈ। ਇਥੇ ਫੋਕਟ ਹਿੰਦੂਆਂ ਤੇ ਮੁਸਲਮਾਨਾਂ ਨੂੰ ਵੰਗਾਰਿਆ ਹੈ, ਆਪਣਾ ਸਿਰ ਤਲੀ ਤੇ ਰਖ ਕੇ। ਇਹ ਸੂਰਮਤਾ ਹੈ।'' ['ਸਿਖ, ਸਿਖੀ ਅਤੇ ਸਿਧਾਂਤ', ਪੰਨਾ ੩੫੬-੫੭

ਗੁਰੂ ਨਾਨਕ ਪਾਤਸ਼ਾਹ ਦੇ ਪੂਰਨਿਆਂ ਤੇ ਚਲਦੇ ਹੋਇਆਂ ਸਾਰੇ ਗੁਰੂ ਸਾਹਿਬਾਨ ਨੇ ਪੂਰੇ ਸਾਹਸ ਤੇ ਦਲੇਰੀ ਨਾਲ ਨਿਰਭੈ ਤੇ ਨਿਡਰ ਹੋ ਕੇ ਹਮਾਯੂੰ ਵਰਗੇ ਆਕੜਖਾਨਾਂ ਦੀ ਆਕੜ ਭੰਨੀ, ਵਿਸ਼ਾਲ ਰਾਜ ਦੇ ਮਾਲਕ ਅਕਬਰ ਬਾਦਸ਼ਾਹ ਨੂੰ ਸੱਚ ਨਿਤਾਰਿਆ, ਅਤੇ ਸ਼ਰਾਬੀ ਕਬਾਬੀ ਤੇ ਐਬੀ ਜਹਾਂਗੀਰ ਦੇ ਧਾਰਮਿਕ ਪਾਖੰਡ ਅਗੇ ਰਤਾ ਭਰ ਨਾ ਝੁੰਵੇ। ਮਹਾਨ ਸੂਰਮੇ ਪੰਜਵੇਂ ਸ੍ਰੀ ਗੁਰੂ ਨਾਨਕ ਨੇ ਸੱਚ ਦੇ ਸਾਹਮਣੇ ਡਟ ਕੇ ਇਹ ਸਿਧ ਕਰ ਦਿਤਾ ਕਿ–

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ (ਵਡਹੰਸੁ ਮ: ੧, ਪੰਨਾ ੫੭੯-੮੦

ਸੂਰਮੇ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਨੇ ਨਿਆਂ ਅਤੇ ਇਨਸਾਫ਼ ਲਈ ਸੀਸ ਦੇ ਦਿਤਾ, ਪਰ ਸਿਰੜ ਨਹੀਂ ਦਿੱਤਾ।

ਮਹਾਂ ਪੁਰਖ ਸਤਿਗੁਰੂ ਸ਼ਹਿਨਸ਼ਾਹ ਨੇ ਇਸੇ ਨਿਡਰਤਾ ਤੇ ਨਿਧੜਕਤਾ ਦੇ ਕਾਰਨ ਹੀ ਵਡੇ ਵਡੇ ਬਾਦਸ਼ਾਹਾਂ ਅਤੇ ਉਨ੍ਹਾਂ ਨੇ ਨਾਢੂਖਾਨ ਮੀਰਾਂ ਮੁਸ਼ੱਦੀਆਂ ਆਦਿ ਨੂੰ ਬੜੀ ਜੁਰਅਤ ਨਾਲ ਸ਼ੀਂਹ, ਕੁੱਤੇ, ਕਸਾਈ, ਰਿਸ਼ਵਤੀ, ਵਢੀਖ਼ੋਰ ਆਦਿ ਕਹਿੰਦਿਆਂ ਫ਼ੁਰਮਾਇਆ–

–ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥੨॥੨੨॥ [ਮ: ੧, ਪੰਨਾ ੧੨੮੮
–ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥੨॥੧੬੭॥ (ਪੰਨਾ ੧੯੯)
–ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥੧॥੧੬॥ [ਸਲੋਕ ਮ: ੧, ਪੰਨਾ ੧੪੫
–ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥੪॥੩॥੭॥ (ਪੰਨਾ ੮੭੪)
–ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੇ ਹਕੁ ਗਵਾਇ॥੧॥੧੧॥ (੯੫੧)

ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਇਨ੍ਹਾਂ ਵਿਚਾਰਾਂ ਨੂੰ ਇਉਂ ਪਰਗਟ ਕੀਤਾ ਹੈ—

–ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕੋ ਖਾਈ॥੩੦॥ (ਵਾਰ ੧)
–ਕਾਜੀ ਹੋਇ ਰਿਸਵਤੀ ਵਢੀ ਲੈ ਕੇ ਹਕ ਗਵਾਈ॥੩੦॥ (ਵਾਰ ੧)



www.AKJ.Org

ਧਰਮ ਦੇ ਹਲੇਮੀ ਰਾਜ ਨੂੰ ਕਾਇਮ ਕਰਨ ਲਈ ਅਤੇ ਦੁਸ਼ਟਾਂ ਦੋਖੀਆਂ ਨੂੰ ਸਿਧੇ ਰਾਹੇ ਪਾਉਣ ਲਈ ਸਤਿਗੁਰੂ ਸਾਹਿਬਾਨ ਨੇ ਆਪਣਾ ਸੰਘਰਸ਼ ਜਾਰੀ ਰਖਿਆ। ਪਹਿਲਾਂ ਇਹ ਸੰਘਰਸ਼ ਸ਼ਾਂਤਮਈ ਰੂਪ ਵਿਚ ਚਲਦਾ ਰਿਹਾ ਅਤੇ ਸਤਿਗੁਰੂ ਸਾਹਿਬਾਨ ਇਨ੍ਹਾਂ ਨੂੰ ਸੁਮਤਿ ਦੇਣ ਲਈ ਸਮੇਂ ਸਮੇਂ ਬਚਨ ਫ਼ੁਰਮਾਂਦੇ ਰਹੇ—

–ਰਾਜਾ ਤਖਤਿ ਟਿਕੈ ਗੁਣੀ* ਭੈ ਪੰਚਾਇਣਿ ਰਤੁ ॥੧॥੧੦। [ਮਾਰੂ ਮ: ੧, ਪੰਨਾ ੯੯੨

–ਤਖਤਿ ਬਹੈ ਤਖਤੈ ਕੀ ਲਾਇਕ ॥......

ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥੧੫॥ (ਪੰਨਾ ੧੦੩੯)

–ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥

ਏਹ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥੬॥ [ਮਾਰੂ ਵਾਰ ਮ: ੩–੧੦੮੮

–ਰਾਜੇ ਚੁਲੀ ਨਿਆਵ ਕੀ......॥੨॥੭॥ [ਮ: ੧, ਵਾਰ ਸਾਰੰਗ–੧੨੪੦

ਧਰਮੀ ਰਾਜ ਵਿਥਾਰਨ ਲਈ ਜਿਥੇ ਪਹਿਲਾਂ ਸ਼ਾਂਤਮਈ ਸੰਘਰਸ਼ ਚਲਦਾ ਰਿਹਾ, ਉਥੇ ਹੁਣ ਲੋੜ ਪੈ ਗਈ ਕਿ ਖੜਕ ਪਕੜੀ ਜਾਏ ਅਤੇ ਜਾਬਰਾਂ ਤੇ ਜ਼ਾਲਮਾਂ ਨੂੰ ਸੋਧਿਆ ਜਾਏ। ਇਸ ਮੰਤਵ ਲਈ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਅਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਚੰਡੀ ਪ੍ਰਚੰਡ ਕਰਨੀ ਪਈ ਅਤੇ ਰਣ-ਤਤੇ ਵਿਚ ਧਰਮ ਦੇ ਦੋਖੀਆਂ ਨੂੰ ਕਰਾਰੇ ਹੱਥ ਵਿਖਾਣੇ ਪਏ। ਬਾਅਦ ਵਿਚ ਬੰਦਾ ਬਹਾਦਰ (ਬਾਬਾ ਗੁਰਬਖਸ਼ ਸਿੰਘ ਜੀ) ਅਤੇ ਸਿਖ ਮਿਸਲਾਂ ਤਕ ਜ਼ਾਲਮਾਂ ਦੀ ਸੋਧ-ਸੁਧਾਈ ਇਸੇ ਤਰ੍ਹਾਂ ਹੁੰਦੀ ਰਹੀ, ਜਿਸ ਰਾਹੀਂ ਜ਼ਾਲਮ ਤੇ ਅਧਰਮੀ ਰਾਜ ਦਾ ਖ਼ਾਤਮਾ ਹੋ ਗਿਆ। ਪਰ ਇਹ ਸਭ ਕੁਝ ਉਚੇ ਸੁਚੇ ਕਿਰਦਾਰ ਅਤੇ ਸੱਚ ਆਚਾਰ ਦੇ ਤੁਫ਼ੈਲ ਹੀ ਹੋਇਆ।

ਸਤਿਗੁਰੂ ਨਾਨਕ ਦੇਵ ਜੀ ਨੇ ਦਸਾਂ ਜਾਂਮਿਆਂ ਵਿਚ ਕੇਵਲ 'ਸੱਚ' ਦਾ ਪਰਚਾਰ ਕੀਤਾ, ਸੱਚ ਨੂੰ ਜੀਵਨ-ਅਧਾਰ ਬਣਾਇਆ ਅਤੇ ਇਸ ਸੱਚ ਨੂੰ ਆਪਣੇ ਅਮਲ ਵਿਚ ਸਮੋ ਕੇ, ਆਪਣੇ ਅਨੁਆਈਆਂ ਨੂੰ ਸਦ-ਜੀਵਨੀ ਜੀਣ ਲਈ ਸੱਚ ਦੇ ਲੜ ਲਾਇਆ। ਜਿਥੇ ਉਨ੍ਹਾਂ ਨੇ ਨਾਮ ਜਪਣ, ਧਰਮ ਕੀ ਕਿਰਤ ਕਰਨ, ਵੰਡ ਕੇ ਛਕਣ, ਸਰਬੱਤ ਦੇ ਭਲੇ ਅਤੇ ਮਨੁਖ ਮਾਤਰ ਦੀ ਭਲਾਈ ਦੇ ਪੂਰਨੇ ਪਾਏ, ਉਥੇ ਹਰ ਜ਼ੁਲਮ ਜਬਰ ਦੇ ਸਾਹਮਣੇ ਡਟਣ ਲਈ ਸਿਖ ਸੇਵਕਾਂ ਨੂੰ ਤਿਆਰ-ਬਰ-ਤਿਆਰ ਕੀਤਾ।

ਸਿਖ ਆਚਰਨ ਬਾਰੇ ਕੈਪਟਿਨ ਸਵਰਨ ਸਿੰਘ ਆਪਣੇ ਲੇਖ "ਇਕ ਸੰਪੂਰਨ ਕੌਮ ਦਾ ਇਤਿਹਾਸ" ਵਿਚ ਲਿਖਦੇ ਹਨ—

"ਆਚਰਨ ਦੀ ਪਰਖ ਔਕੜ ਸਮੇਂ ਹੁੰਦੀ ਹੈ। ਖਾਲਸੇ ਉਤੇ ਜ਼ੁਲਮ, ਜਬਰ ਤੇ ਕਹਿਰਾਂ ਦੀਆਂ ਅੰਨ੍ਹੇਰੀਆਂ ਝੁਲੀਆਂ, ਵੈਰੀ ਨੇ ਸਫ਼ਾ-ਹਸਤੀ ਤੋਂ ਮੁਕਾ ਦੇਣ ਦਾ ਬੀੜਾ ਚੁਕ ਲਿਆ। ਪਰ ਵਾਹ ਖਾਲਸੇ ਦਾ ਹੌਸਲਾ ਤੇ ਸਿਰੜ! ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਦਾ ਡਰ ਨਹੀਂ ਮੰਨਿਆ ਜਾਂ ਆਸਰਾ ਨਹੀਂ ਤਕਾਇਆ। ਆਪਣੇ ਬਲ-ਬਾਜ਼ੂ ਤੇ ਦੁਸ਼ਮਣ ਨਾਲ ਲੋਹਾ ਲਿਆ। ਹਰ ਮਾੜੇ ਚੰਗੇ ਨਾਲ ਸਾਊ ਸੂਰਮਿਆਂ ਵਾਲਾ ਵਿਹਾਰ ਰਖਿਆ। ਦੁਸ਼ਮਣ ਨੇ ਵੀ ਇਸ ਵਿਲੱਖਣ ਗੁਣ ਨੂੰ ਮੰਨਿਆ।......ਕਾਜ਼ੀ ਨੂਰ ਮੁਹੰਮਦ ਸਿਖਾਂ ਵਿਰੁਧ ਨਸੀਰ ਖਾਨ ਕਲਾਤੀਏ ਨਾਲ, ਅਹਿਮਦ ਸ਼ਾਹ ਅਬਦਾਲੀ ਵਲੋਂ ਹੋ ਕੇ ਲੜਨ ਆਇਆ ਸੀ। ਸਿਖਾਂ ਵਿਰੁਧ ਉਸ ਦੇ ਮਨ ਵਿਚ ਬੜਾ ਤੁਅੱਸਬ ਸੀ। ਲੜਾਈਆਂ ਵਿਚ ਸਿਖਾਂ ਦੇ ਜਦੋ ਜੌਹਰ ਵੇਖੇ ਤਾਂ ਅਸ਼ ਅਸ਼ ਕਰ ਉਠਿਆ। ਸਿੰਘਾਂ ਨੂੰ ਸਗ (ਕੁੱਤੇ) ਕਹਿਣ ਵਾਲਾ ਉਨ੍ਹਾਂ ਦੀ ਸੂਰਮਤਾਈ ਦੇ ਗੁਣ ਗਾਉਣ ਲਗ ਪਿਆ। ਜੰਗਨਾਮੇ ਵਿਚ ਉਹ ਲਿਖਦਾ ਹੈ ਕਿ ਸੂਰਮਗਤੀ ਦੇ ਹਥਿਆਰਾਂ ਦੀ ਵਰਤੋਂ ਇਨ੍ਹਾਂ ਤੇ ਆ ਕੇ ਮੁਕ ਗਈ ਹੈ। ਇਹ ਬੜੇ ਉਚੇ ਆਚਾਰ ਦੇ ਲੋਗ ਹਨ। ਇਹ ਸਗ (ਕੁੱਤੇ) ਨਹੀਂ, ਵਾਕਿਆ ਸਿੰਘ ਸ਼ੇਰ ਹਨ। ਇਨ੍ਹਾਂ ਵਿਚ ਗੀਦੀਪਨ ਨਹੀਂ।......ਚੋਰੀ, ਯਾਰੀ, ਜਾਂ ਸੰਨ੍ਹ ਮਾਰਨ ਵਾਲਿਆਂ ਨੂੰ ਲਾਗੇ ਨਹੀਂ ਲਗਣ ਦਿੰਦੇ, ਆਦਿ ਆਦਿ।

* ਵਾਹਿਗੁਰੂ ਦੇ ਭੈ ਦੁਆਰਾ ਉਹ ਪੰਜਾਂ ਗੁਣਾਂ (ਸਤ, ਸੰਤੋਖ, ਦਇਆ, ਧਰਮ, ਧੀਰਜ) ਵਿਚ ਰੱਤਾ ਜਾਂਦਾ ਹੈ।


www.AKJ.Org

"ਕਰੜੇ ਤੋਂ ਕਰੜੇ ਸਮੇਂ ਵਿਚ ਵੀ ਇਸ ਕੌਮ ਨੇ ਆਪਣੇ ਗੁਣਾਂ ਨੂੰ ਸੀਨੇ ਨਾਲ ਲਾਈ ਰਖਿਆ। ਜੰਗਲਾਂ ਵਿਚ ਚਰਖੜੀਆਂ ਤੇ, ਆਰਿਆਂ ਥਲੇ, ਮੈਦਾਨ ਵਿਚ ਗੋਲੀਆਂ ਤੀਰਾਂ ਤਲਵਾਰਾਂ ਸਾਮ੍ਹਣੇ ਤੇ ਰਾਜ ਸਿੰਘਾਸਨ ਤੇ ਵੀ ਆਪਣੀਆਂ ਖੂਬੀਆਂ ਨੂੰ ਬਰ-ਕਰਾਰ ਰੱਖਿਆ। ਇਸ ਨੇ ਉਹ ਇਤਿਹਾਸ ਘੜਿਆ ਤੇ ਰਚਿਆ, ਜਿਸ ਦੀ ਮਿਸਾਲ ਦੁਨੀਆ ਵਿਚ ਕਿਤੇ ਨਹੀਂ।"

ਸਿਖ ਸ਼ਹੀਦੀਆਂ, ਜੰਗਾਂ ਜੁਧਾਂ ਵਿਚ ਬੀਰਤਾ ਦੇ ਅਲੌਕਿਕ ਕਾਰਨਾਮੇ, ਅਤੇ ਆਚਰਨ ਦੀ ਉਚਤਾ, ਇਹ ਸਭ ਕੁਝ ਧਰਮੀ ਰਾਜ ਦੇ ਲਖਾਇਕ ਹਨ। ਸਿਖ ਮੀਰੀ ਸਤ, ਸੰਤੋਖ, ਦਇਆ, ਧਰਮ, ਧੀਰਜ, ਸੂਰਬੀਰਤਾ, ਸਰਬੱਤ ਦਾ ਭਲਾ ਆਦਿ ਸ਼ੁਭ ਗੁਣਾਂ ਦੇ ਆਸਰੇ ਹੀ ਉਭਰੀ ਤੇ ਵਿਕਸਤ ਹੋਈ ਹੈ, ਅਤੇ ਇਨ੍ਹਾਂ ਸ਼ੁਭ ਗੁਣਾਂ ਨੇ ਹੀ ਧਰਮ ਦਾ ਰਾਜ ਕਾਇਮ ਕਰਨਾ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤ ਮਾਰਤੰਡ' ਪੁਸਤਕ ਵਿਚ ਲਿਖਦੇ ਹਨ ਕਿ ਸੱਚ ਦਾ ਅਭਿਆਸ, ਸੱਚਾ ਇਨਸਾਫ਼, ਕੁਸੰਗਤ ਦਾ ਤਿਆਗ, ਨਿਸ਼ਕੰਟਕ ਰਾਜ ਹੋਣ ਦੇ ਕਾਰਨ ਹਨ। ਇਸ ਗੱਲ ਦੀ ਪੁਸ਼ਟੀ ਲਈ ਆਪ ਨੇ ਗੁਰਬਾਣੀ ਦਾ ਫ਼ੁਰਮਾਨ ਦਿਤਾ ਹੈ–

ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਸਮਾਈ॥
ਸਚੈ ਤਖਤਿ ਬੈਠਾ ਨਿਆਉ ਕਰਿ ਸਤਿ ਸੰਗਤਿ ਮੇਲਿ ਮਿਲਾਈ ॥੨॥ (ਪੰਨਾ ੧੦੮੭)

ਗੁਰੂ ਨਾਨਕ-ਦਸਮੇਸ਼ ਪੀਰ ਦੀ ਮੀਰੀ 'ਨਿਰੋਲ ਧਰਮ' ਦੇ ਅਧੀਨ ਹੈ। ਇਸ ਦਾ ਧੁਰਾ ਨਿਰੋਲ ਸੱਚ ਹੈ। ਇਸ ਮੀਰੀ ਦਾ ਮੁਖ ਪ੍ਰਯੋਜਨ ਧਰਮ ਬਿਥਾਰਨਾ, ਦੁਸ਼ਟਾਂ ਦੋਖੀਆਂ ਨੂੰ ਪਕੜ ਪਛਾੜਨਾ, ਅਤੇ ਸੰਤਾਂ ਭਗਤਾਂ ਨੂੰ ਉਬਾਰਨਾ ਹੈ। ਇਸ ਨੇ ਮੁਸੀਬਤ-ਫਸੇ ਮਾਸੂਮਾਂ ਤੇ ਬੇਸਹਾਰਾ ਖ਼ਲਕਤ ਦਾ ਸਹਾਰਾ ਬਣਨਾ ਹੈ। ਇਸ ਨੇ ਦੁਖਿਆਰਨਾਂ ਅਬਲਾਵਾਂ ਨੂੰ ਦੁਸ਼ਟਾਂ ਦੇ ਪੰਜੇ ਤੋਂ ਛੁੜਾ ਕੇ ਉਨ੍ਹਾਂ ਦੀ ਪਤ ਬਚਾਣੀ ਹੈ। ਦਸਮ ਪਾਤਸ਼ਾਹ ਨੇ ਬਚਿਤ੍ਰ ਨਾਟਕ ਵਿਚ ਧਰਮ ਨੂੰ ਹੀ ਮੀਰੀ ਦਾ ਮੁਖ ਅੰਗ ਦਸਿਆ ਹੈ–

ਰਾਜ ਸਾਜ ਹਮ ਪਰ ਜਬ ਆਯੋ ॥ ਜਥਾ ਸਕਤ ਤਬ ਧਰਮ ਚਲਾਯੋ ॥੧॥ (ਧਿਆਇ ੮)

ਖਾਲਸਾ ਮੀਰੀ ਵਿਚ ਧਰਮ ਦਾ ਰਾਜ ਚਲਾਉਣ ਲਈ ਮੁਖ ਤੌਰ ਤੇ 'ਤਿਆਗ' ਅਤੇ 'ਕੁਰਬਾਨੀ' ਅਤੀ ਜ਼ਰੂਰੀ ਹੈ। ਸਿਖ ਦਾ ਮੁਖ ਪ੍ਰਯੋਜਨ ਰਾਜ-ਸਾਜ ਦੀ ਪ੍ਰਾਪਤੀ ਨਹੀਂ, ਸਗੋਂ ਪ੍ਰਭੂ-ਮਿਲਾਪ ਦੀ ਪ੍ਰਾਪਤੀ ਹੈ। ਪ੍ਰਭੂ-ਮਿਲਾਪ ਲਈ ਨਾਮ ਜਪਣਾ ਅਤੀ ਜ਼ਰੂਰੀ ਹੈ। ਨਾਮ-ਜਾਪ ਤੋਂ ਬਿਨਾਂ ਸਿਖ ਵਾਸਤੇ ਰਾਜ ਸਾਜ ਆਦਿ ਸਭ ਕੁਝ ਨਰਕਾਂ ਵਿਚ ਪੈਣ ਸਮਾਨ ਹੈ। ਗੁਰਬਾਣੀ ਸੇਧ ਦੇ ਰਹੀ ਹੈ–

–ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ ॥੧॥ ਰਹਾਉ॥੩੮॥ [ਬਿਲਾਵਲੁ ਮ: ੫–੮੧੦
–ਰਾਜ ਰੰਗ ਰੂਪ ਸਭਿ ਕੂਰ ॥ ਨਾਮ ਬਿਨੁ ਹੋਇ ਜਾਸੀ ਧੂਰ ॥੨॥੧੯॥ [ਰਾਮਕਲੀ ਮ: ੫–੮੮੮
–ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥੧॥੧॥੧੦॥ [ਮ: ੧–੧੪੨

ਜੋ ਪ੍ਰਾਣੀ ਨਿਰਲਜ ਹੋ ਕੇ ਰਾਜ, ਮਾਲ, ਧਨ ਦੌਲਤ ਆਦਿ ਪਦਾਰਥਾਂ ਵਿਚ ਰੰਗ ਮਾਣਨਾ ਹੀ ਜੀਵਨ-ਮਨੋਰਥ ਸਮਝੀ ਬੈਠਾ ਹੈ, ਉਹ ਨਾਮ-ਸਿਮਰਨ ਵਾਲੇ ਜੀਵਨ ਤੋਂ ਬਿਨਾਂ ਕਿਸੇ ਲੇਖੇ ਨਹੀਂ। ਖ਼ਾਲਸੇ ਦੀ ਰਾਜ-ਨੀਤੀ ਦੇ ਲਛਣ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ–

"ਜਿਸ ਵਿਦਯਾ ਤੋਂ ਹਿਤ ਅਹਿਤ, ਯੋਗ ਅਯੋਗ ਅਤੇ ਹਾਨਿ ਲਾਭ ਦਾ ਗਿਆਨ ਹੋਵੇ, ਅਰ ਸਭਸ ਨਾਲ ਨਯਾਯ ਅਨੁਸਾਰ ਵਰਤਾਉ ਕੀਤਾ ਜਾਵੇ ਅਤੇ ਮਨ-ਬਾਂਛਤ ਫਲ ਪ੍ਰਾਪਤ ਕਰ ਸਕੀਏ, ਉਸ ਦਾ ਨਾਉਂ ਨੀਤੀ ਹੈ।" "ਗੁਰਮਤ ਮਾਰਤੰਡ, ਪੰਨਾ ੬੫੩

ਖਾਲਸਈ ਮੀਰੀ ਦੀ ਨੀਤੀ ਚੰਗੇ ਮੰਦੇ ਅਤੇ ਯੋਗ ਅਯੋਗ ਦਾ ਨਿਰਣਾ ਕਰਾਂਦੀ ਹੈ ਅਤੇ ਹਰੇਕ ਨਾਲ ਇਨਸਾਫ ਕਰਨਾ ਸਿਖਾਂਦੀ ਹੈ। ਖ਼ਾਲਸਈ ਮੀਰੀ ਵਿਚ ਮੈਂ-ਮੇਰੀ ਦੀ ਥਾਂ ਤਿਆਗ ਹੈ। ਖਾਲਸਾ ਦੁਖੀਆਂ ਤੇ



www.AKJ.Org

ਮੁਸੀਬਤ-ਫਸਿਆਂ ਨੂੰ ਜਰਵਾਣਿਆਂ ਤੋਂ ਬਚਾਣ ਲਈ ਆਪਣੇ ਸਰੀਰਾਂ ਦੀ ਅਹੂਤੀ ਦਿੰਦਾ ਆਇਆ ਹੈ।

× × × ×

ਅੱਜ ਰਾਜਨੀਤੀ ਦਾ ਦੂਜਾ ਨਾਂ ਸਿਆਸਤ ਹੈ। ਕੁਟਿਲ ਸਿਆਸਤ ਖ਼ਾਲਸਈ ਮੀਰੀ ਦੇ ਕਰਤੱਵ ਤੋਂ ਬਿਲਕੁਲ ਕੋਰੀ ਹੈ। ਅਜੋਕੀ ਸਿਆਸਤ ਦੇ ਧਾਰਨੀ ਸਿਆਸਤਦਾਨਾਂ ਵਿਚ ਕੁਰਬਾਨੀ ਤੇ ਤਿਆਗ ਦੀ ਥਾਂ ਖ਼ੁਦਗਰਜ਼ੀ ਪ੍ਰਧਾਨ ਹੈ, ਜਿਸ ਲਈ ਹਰ ਅਯੋਗ ਵਸੀਲਾ, ਝੂਠ, ਫ਼ਰੇਬ ਅਤੇ ਦਾਉ-ਪੇਚ ਵਾਲੀਆਂ ਚਾਲਾਂ ਵਰਤੀਆਂ ਜਾਂਦੀਆਂ ਹਨ। ਜਿਸ ਰਾਜਨੀਤੀ ਵਿਚ ਕੁਟਿਲਤਾ ਹੈ ਉਥੇ ਹਰੇਕ ਨਾਲ ਇਨਸਾਫ਼ ਕਿਥੇ ? ਜਿਥੇ ਨਿਜ-ਹਵਸ-ਪੂਰਤੀ ਮੁਖ ਹੋਵੇ, ਉਥੇ ਯੋਗ ਅਯੋਗ ਕਿਥੇ ? ਕੁਟਿਲ ਸਿਆਸਤ ਵਿਚ 'ਧਰਮ' ਤੇ 'ਸਮਾਜ-ਸੇਵਾ' ਨਿਰਾ ਢੋਂਗ ਹੀ ਹੁੰਦਾ ਹੈ, ਨਿਜ ਸੁਆਰਥਾਂ ਦੀ ਪੂਰਤੀ ਲਈ ਇਨ੍ਹਾਂ ਨੂੰ ਹੱਥ-ਠੋਕਾ ਬਣਾਇਆ ਜਾਂਦਾ ਹੈ। ਖ਼ਾਲਸਈ ਮੀਰੀ ਤਾਂ ਪਰ-ਸੁਆਰਥ ਲਈ ਆਪਾ ਵਾਰਨਾ ਸਿਖਾਉਂਦੀ ਹੈ, ਪਰ ਇਹ ਗੰਦੀ ਤੇ ਕੁਟਿਲ ਨੀਤੀ ਨਿਜ-ਸੁਆਰਥ ਲਈ ਸਭ ਕਾਸੇ ਨੂੰ ਹੜੱਪ ਕਰ ਜਾਣਾ ਹੀ ਆਪਣਾ ਧਰਮ ਸਮਝਦੀ ਹੈ। ਐਸੀ ਪਵਿਤਰ ਮੀਰੀ ਨੂੰ ਗੰਦੀ ਸਿਆਸਤ ਨਾਲ ਰਲ-ਗਡ ਕਰ ਦੇਣ ਪਿਛੇ ਸਿਆਸਤਦਾਨਾਂ ਦੀਆਂ ਨਿਜੀ ਖ਼ੁਦਗ਼ਰਜ਼ੀਆਂ ਹਨ।

ਇਹ ਗੰਦੀ ਸਿਆਸਤ ਕੌਮ ਨੂੰ ਕੋੜ੍ਹ ਹੋ ਕੇ ਚੰਬੜੀ ਹੋਈ ਹੈ। ਗੰਦੇ ਫੋੜੇ ਵਾਂਗ ਇਸ ਵਿਚੋਂ ਗੰਦ ਸਿਮ ਰਿਹਾ ਹੈ, ਜੋ ਕੌਮੀ ਸਰੀਰ ਦੇ ਬਾਕੀ ਅੰਗਾਂ ਨੂੰ ਵੀ ਰੋਗੀ ਅਤੇ ਨਿਕੰਮਾ ਕਰ ਰਿਹਾ ਹੈ। ਇਹ ਕੋੜ੍ਹੀ ਤੇ ਪਲੀਤ ਸਿਆਸਤ ਸਭ ਥਾਈਂ ਐਸੀ ਛਾਈ ਪਈ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਫ਼ੁਰਮਾਨ ਅਨੁਸਾਰ ਸੱਚ ਕਿਤੇ ਨਜ਼ਰ ਨਹੀਂ ਆ ਰਿਹਾ—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥੧੬॥

[ਮਾਝ ਕੀ ਵਾਰ, ੧੪੫

ਸੋ ਇਸ ਅੰਧ-ਅੰਧੇਰੀ ਰਾਤ ਵਿਚ ਚਾਨਣ ਦੀ ਕੋਈ ਕਿਰਨ ਉਦੋਂ ਤਕ ਪ੍ਰਕਾਸ਼ ਨਹੀਂ ਕਰ ਸਕਦੀ ਜਦ ਤਕ ਇਸ ਕੁਹਜੀ ਸਿਆਸਤ ਤੋਂ ਖਲਾਸੀ ਨਹੀਂ ਮਿਲ ਜਾਂਦੀ। ਕੌਮ ਨੂੰ ਇਸ ਕੋੜ੍ਹ ਤੋਂ ਛੁਟਕਾਰਾ ਪਾਉਣ ਲਈ ਸਤਿਗੁਰੂ ਦੇ ਦਸੇ ਧਰਮੀ ਮਾਰਗ ਤੇ ਚਲਣ ਦੀ ਲੋੜ ਹੈ। ਕੌਮ ਦਾ ਹਰੇਕ ਜੀਅ ਸਤਿਗੁਰੂ ਦੇ ਦਰ ਤੇ ਡਿਗ ਕੇ ਸਚੇ ਦਿਲੋਂ ਜੋਦੜੀ ਕਰੇ ਅਤੇ ਗੁਰਸਿੱਖੀ ਮਾਰਗ ਤੇ ਚਲਣ ਲਈ, ਗੁਰਸਿਖ ਲਈ ਜੋ ਉਪਦੇਸ਼* ਦਿਤਾ ਗਿਆ ਹੈ, ਉਸ ਨੂੰ ਅਮਲੀ ਜੀਵਨ ਵਿਚ ਕਮਾਉਣ ਲਈ ਤਤਪਰ ਹੋਵੇ। ਜਦੋਂ 'ਗੁਰਸਿੱਖੀ ਜੀਵਨ' ਦੀ ਸੁਗੰਧੀ ਫੈਲੇਗੀ ਤਾਂ ਹਰ ਪਾਸੇ ਲਹਿਰ ਬਹਿਰ ਵਰਤ ਜਾਵੇਗੀ। ਓਦੋਂ ਧਰਮ ਫਲੇ ਫੂਲੇਗਾ ਅਤੇ ਸਚੀ ਸੁੱਚੀ ਮੀਰੀ ਉਘੜ ਕੇ ਸਾਹਮਣੇ ਆਵੇਗੀ। ਇਹ ਕੁਟਿਲ ਨੀਤੀਵਾਨ ਸਭ ਆਪੇ ਹੀ ਝੜ ਝੁੜ ਜਾਣਗੇ।

ਗੁਰੂ ਨਾਨਕ ਨਿਰੰਕਾਰੀ ਸਚੇ ਪਾਤਸ਼ਾਹ ਨੇ ਨਿਰਮਲ ਪੰਥ ਚਲਾ ਕੇ ਧਰਮੀ ਹਲੇਮੀ ਰਾਜ ਦੀ ਜੋ ਨੀਂਹ ਰਖੀ, ਉਸ ਵਿਚ ਜ਼ੋਰ-ਜ਼ੁਲਮ, ਝੂਠ-ਫ਼ਰੇਬ, ਠੱਗੀ-ਠੋਰੀ ਅਤੇ ਬੇਇਨਸਾਫ਼ੀ ਨੂੰ ਕੋਈ ਥਾਂ ਨਹੀਂ। ਉਸ ਧਰਮੀ ਰਾਜ ਵਿਚ ਕੋਈ ਦੂਤ ਦੁਸ਼ਮਣ ਟਿਕ ਨਹੀਂ ਸਕਦਾ। ਗੁਰੂ ਨਾਨਕ ਪਾਤਸ਼ਾਹ ਦੇ ਚਲਾਏ ਨਿਰਮਲ ਪੰਥ ਨੂੰ ਉਜਲਾ ਰਖਣ ਲਈ, ਗੁਰਸਿਖ-ਪਾਂਧੀ ਲਈ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਸੇਵਾ-ਸਿਮਰਨ ਵਾਲੇ ਜੀਵਨ ਨੂੰ ਪਹਿਲਾਂ ਆਪ ਅਪਣਾਏ ਅਤੇ ਫਿਰ ਸਾਰੇ ਸੰਸਾਰ ਨੂੰ ਇਸ ਧਰਮੀ ਜੀਵਨ ਲਈ ਉਤਸ਼ਾਹਤ ਕਰੇ। ਉਚੇ ਸੁਚੇ ਧਰਮੀ ਜੀਵਨ ਸਦਕਾ ਹੀ ਸਾਰੇ ਸੰਸਾਰ ਤੇ ਧਰਮੀ ਹਲੇਮੀ ਰਾਜ ਕਾਇਮ ਹੋ ਸਕਦਾ ਹੈ।

* ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ (ਪੰਨਾ ੩੦੫)



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ
# ਮੁਗ਼ਲਾਂ ਜ਼ਹਿਰ ਪਿਆਲੇ ਕੀਤੇ

[ਕੈਪਟਿਨ ਸਵਰਨ ਸਿੰਘ ਜੀ]

ਕੈਪਟਿਨ ਸਵਰਨ ਸਿੰਘ ਜੀ ਮਹਾਨ ਖੋਜੀ ਵਿਦਵਾਨ-ਇਤਿਹਾਸਕਾਰ ਹਨ, ਜਿਨ੍ਹਾਂ ਦੀ ਨਿਜੀ ਲਾਇਬ੍ਰੇਰੀ ਬਹੁ-ਮੁਲੀਆਂ ਪੁਸਤਕਾਂ ਦਾ ਬੇਮਿਸਾਲ ਭੰਡਾਰ ਹੈ। ਜੁਲਾਈ ੧੯੮੭ ਤਕ ਆਪ ਵਲੋਂ ਪਹਿਲੇ ਘਲੂਘਾਰੇ ਦੀਆਂ ਅਠ ਕਿਸ਼ਤਾਂ 'ਸੂਰਾ' ਦੇ ਕਾਲਮਾਂ ਵਿਚ ਛਪ ਚੁਕੀਆਂ ਹਨ। ਇਸ ਤੋਂ ਬਾਅਦ ਨਿਜੀ ਮਜਬੂਰੀਆਂ ਕਾਰਨ ਅਤੇ ਸਿਹਤ ਦਾ ਵੀ ਪੂਰੀ ਤਰ੍ਹਾਂ ਸਾਥ ਨਾ ਦੇਣ ਸਦਕਾ, ਆਪ ਹੋਰ ਸਮਗ੍ਰੀ ਨਾ ਦੇ ਸਕੇ। ਕਈ ਪ੍ਰੇਮੀ ਪਾਠਕਾਂ ਦੀਆਂ ਪ੍ਰੇਮ-ਖਿਚਾਂ ਦੇ ਪ੍ਰੇਰੇ ਹੋਏ ਹੁਣ ਉਨ੍ਹਾਂ ਨੇ ਇਹ ਨਵਾਂ ਲੇਖ, ਕਿਸ਼ਤਵਾਰ ਭੇਜਣ ਦਾ ਯਤਨ ਅਰੰਭਿਆ ਹੈ।

ਇਸ ਤੋਂ ਪਹਿਲੇ ਕੈਪਟਿਨ ਸਾਹਿਬ ਹੇਠ ਲਿਖੀਆਂ ਲੇਖ-ਲੜੀਆਂ ਦਸੰਬਰ ੭੭ ਤੋਂ ਹੁਣ ਤਕ 'ਸੂਰਾ' ਦੇ ਪਾਠਕਾਂ ਨੂੰ ਚੁਕੇ ਹਨ—

| | |
|---|---|
| (੧) ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ | ੩੭ ਕਿਸ਼ਤਾਂ ਵਿਚ |
| (੨) ਇਕ ਸੰਪੂਰੰਨ ਕੌਮ ਦਾ ਇਤਿਹਾਸ | ੮੩ ਦਸੰਬਰ ਦੇ 'ਸੂਰਾ' ਵਿਚ |
| (੩) ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' | ੭ ਕਿਸ਼ਤਾਂ ਵਿਚ |
| (੪) ਮੱਸੇ ਰੰਘੜ ਦੀ ਕਰਨੀ ਦਾ ਫਲ | ੬ ਕਿਸ਼ਤਾਂ ਵਿਚ |
| (੫) ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ | ੫ ਕਿਸ਼ਤਾਂ ਵਿਚ |
| (੬) ਪਹਿਲਾ ਘਲੂਘਾਰਾ | ੮ ਕਿਸ਼ਤਾਂ (ਚਲਦਾ) |

ਸਿਖ ਸੰਗਤਾਂ ਦੀਆਂ ਅਰਦਾਸਾਂ ਸਦਕਾ ਸਤਿਗੁਰੂ ਪਾਤਸ਼ਾਹ, ਆਪ ਜੀ ਨੂੰ ਸਿਹਤ ਬਖ਼ਸ਼ਣ ਅਤੇ ਆਪ ਤੋਂ ਸਿਖ ਇਤਿਹਾਸ ਨੂੰ ਮਾਂਜ-ਸਵਾਰ ਤੇ ਪੁਣ-ਛਾਣ ਕੇ ਨਿਖਾਰ ਕੇ ਪੇਸ਼ ਕਰਨ ਦੀ ਸੇਵਾ ਲੈਂਦੇ ਰਹਿਣ। ਗੁਰੂ ਦੀ ਮੇਹਰ ਹੋਈ ਤਾਂ ਇਹ ਇਤਿਹਾਸ ਪੁਸਤਕ ਰੂਪ ਵਿਚ ਛੋਟੀ ਤੋਂ ਛੋਟੀ ਸੰਗਤਾਂ ਤਕ ਪਹੁੰਚਾਣ ਦਾ ਜਤਨ ਕੀਤਾ ਜਾਏਗਾ।

ਇਸ ਨਵੇਂ ਲੇਖ ਦੀ ਪਹਿਲੀ ਕਿਸ਼ਤ ਵਿਚ ਮੁਗ਼ਲ ਹਕੂਮਤ ਦਾ ਹਿੰਦਸਤਾਨ ਵਿਚ ਫੈਲਾਅ ਅਤੇ ਪੰਜਾਬ ਤੇ ਹੋਰ ਸੂਬੇਦਾਰਾਂ ਬਾਰੇ ਲੋੜੀਂਦੀ ਵਾਕਫ਼ੀ ਦੇ ਕੇ ਇਹ ਦਸਣਾ ਹੈ ਕਿ ਸਿਖਾਂ ਉਪਰ ਕਿਤਨੇ ਭਿਆਨਕ ਅਤਿਆਚਾਰ ਹੁੰਦੇ ਰਹੇ। ਪਰ ਸਿੰਘ ਸਦਾ ਚੜ੍ਹਦੀ ਕਲਾ ਵਿਚ ਰਹੇ ਅਤੇ ਅਖ਼ੀਰ ਜ਼ਾਲਮ ਮੁਗ਼ਲ ਹਕੂਮਤ ਦਾ ਮਲੀਆਮੇਟ ਕਰ ਕੇ ਉਸ ਦੇ ਵਾਰਸ ਬਣੇ। ਇਹ ਸਾਰੇ ਸਮਾਚਾਰ ਆਉਂਦੀਆਂ ਕਿਸ਼ਤਾਂ ਵਿਚ ਪੜ੍ਹੋ ਜੀ।

—ਸੰਪਾਦਕ

ਉਪ੍ਰੋਕਤ ਅਠਾਂ ਸ਼ਬਦਾਂ ਦਾ ਬੰਦ ਪੰਜਾਬ ਵਿਚ ੧੮ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਲੈ ਕੇ, ਸਦੀ ਦੇ ਛੇਵੇਂ ਦਹਾਕੇ ਦੇ ਅਖ਼ੀਰ ਤਕ ਸਿੱਖਾਂ ਤੇ ਦਿਲੀ ਦੀ ਮੁਗ਼ਲ ਸਰਕਾਰ ਦੇ ਵਿਚਕਾਰ ਆਪਸੀ ਵਿਰੋਧ ਤੇ ਉਸ ਦੇ ਸਿਟਿਆਂ ਵੱਲ ਬੜਾ ਅਰਥ-ਭਰਪੂਰ ਸੰਕੇਤ ਕਰਦਾ ਹੈ। ਇਹ ਬੰਦ ਪੰਜਾਬ ਦੇ ਮਹਾਨ ਸੂਫ਼ੀ ਸੰਤ ਸਾਈਂ ਬੁਲ੍ਹੇ ਸ਼ਾਹ† ਦਾ ਮੰਨਿਆ ਜਾਂਦਾ ਹੈ। ਸਾਈਂ ਜੀ ਪੰਜਾਬ ਦੇ ਵਾਸੀ ਹਨ ਅਤੇ ਇਸ ਸਮੇਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਉਹਨਾਂ ਅਖੀਂ ਡਿਠਾ ਹੈ। ਮੁਗ਼ਲਾਂ ਦਾ ਬਾਕੀ ਹਿੰਦੁਸਤਾਨ ਵਾਂਗ ਪੰਜਾਬ ਉਤੇ ਪੱਕੇ ਪੈਰੀਂ ਸਥਾਪਤ ਰਾਜ, ਘਰਾਂ ਘਾਟਾਂ ਤੋਂ ਕਢੇ ਜੰਗਲਾਂ ਵਿਚ ਭੁਖੇ ਮਰਦੇ ਸਿੰਘਾਂ ਹੱਥੋਂ ਟੁਟਦਾ, ਤੇ ਉਹਨਾਂ ਦਾ ਆਪਣਾ ਰਾਜ ਬਣਦਾ ਵੀ ਸਾਈਂ ਬੁਲ੍ਹੇ ਸ਼ਾਹ ਨੇ ਵੇਖਿਆ। ਮੁਗ਼ਲਾਂ ਦਾ ਰੁਅਬ ਦਾਬ, ਸ਼ਾਨੋ-ਸ਼ੌਕਤ, ਗ਼ੈਰ ਮੁਸਲਮਾਨਾਂ ਉਤੇ ਹਰ ਪ੍ਰਕਾਰ ਦੀ ਧੱਕੇ-ਸ਼ਾਹੀ ਤੇ ਬੇਇਨਸਾਫ਼ੀ, ਉਹਨਾਂ ਦੇ ਕਿਰਦਾਰ ਇਖ਼ਲਾਕ, ਆਚਰਣ ਤੇ ਬਾਹੂ-ਬਲ ਦੀ ਕਮਜ਼ੋਰੀ ਤੇ ਗਿਰਾਵਟ ਬੁਲ੍ਹੇ ਸ਼ਾਹ ਵੇਖਦਾ ਹੈ; ਦੂਜੇ ਪਾਸੇ ਸਿੰਘਾਂ ਵਲੋਂ ਔਖੇ ਸਮੇਂ ਵਿਚ ਵੀ ਸਿਦਕ ਸਬਰ ਤੇ ਸੂਰਮਿਆਂ ਵਾਲੇ ਹੱਠ ਨਾਲ ਹਾਲਾਤ ਦਾ ਟਾਕਰਾ ਕਰਦਿਆਂ, ਹਰ ਸਮੇਂ ਚੜ੍ਹਦੀ ਕਲਾ ਵਿਚ ਰਹਿੰਦਿਆਂ, ਅਤੇ ਮੁਗ਼ਲਾਂ ਨੂੰ ਕਰਾਰੀ ਮਾਰ ਪੈਂਦੀ

†ਆਯੂ ਕਾਲ—ਜਨਮ ੧੭੨੦ ਈ., ਮੌਤ ੧੭੫੮ ਈ.।



www.AKJ.Org

ਵੇਖ ਕੇ ਇਸ ਸਾਰੇ ਹੋ ਰਹੇ ਪ੍ਰੀਵਰਤਨ ਦਾ ਸਿੱਟਾ ਇਹਨਾਂ ਅਠਾਂ ਸ਼ਬਦਾਂ ਦੇ ਇਕ ਬੰਦ ਵਿਚ ਪ੍ਰੋ ਕੇ ਰਖ ਦੇਂਦਾ ਹੈ।

ਮੁਗ਼ਲ ਰਾਜ ਦੀ ਸਥਾਪਤੀ ੧੫੨੬ ਈ: ਵਿਚ ਬਾਬਰ ਦੇ ਹਮਲੇ ਪਿਛੋਂ ਹੋਈ, ਜਦ ਪਾਣੀਪਤ ਦੇ ਮੈਦਾਨ ਵਿਚ ਇਬਰਾਹੀਮ ਲੋਧੀ, ਹਿੰਦੁਸਤਾਨ ਦਾ ਬਾਦਸ਼ਾਹ, ਲੜਦਾ ਹੋਇਆ ਮਾਰਿਆ ਗਿਆ ਤੇ ਜੇਤੂ ਬਾਬਰ ਏਸ਼ੀਆ ਵਿਚ ਬਹੁਤ ਵੱਡੇ ਰਾਜ ਦਾ ਮਾਲਕ ਬਣ ਗਿਆ। ਬਾਬਰ ਦੇ ਹਮਲੇ ਤੋਂ ਪਹਿਲਾਂ ਵੀ ਸਦੀਆਂ ਤੋਂ ਇਥੇ ਮੁਸਲ-ਮਾਨ ਬਾਦਸ਼ਾਹ ਰਾਜ ਕਰਦੇ ਆ ਰਹੇ ਸਨ। ਬਾਬਰ ਦੇ ਆਉਣ ਸਮੇਂ ਵਾਤਾਵਰਨ ਮੁਸਲਮਾਨੀ ਰਾਜ ਵਾਲਾ ਹੀ ਸੀ। ਅਸਲਾਮੀ ਰਾਜ ਦੇ ਨਾਲ ਅਸਲਾਮੀ ਧਰਮ, ਅਸਲਾਮੀ ਸੰਸਕ੍ਰਿਤੀ ਤੇ ਸਭਿਅਤਾ ਪਹਿਲਾਂ ਹੀ ਮਜ਼ਬੂਤ ਪੈਰਾਂ ਤੇ ਖੜੇ ਸਨ। ਹਿੰਦੂ, ਜੋ ਆਪਸੀ ਫੁਟ ਕਾਰਨ ਆਪਣੇ ਰਾਜ ਤੋਂ ਸਦੀਆਂ ਪਹਿਲਾਂ ਹੱਥ ਧੋ ਬੈਠੇ ਸਨ, ਮੁਸਲਮਾਨਾਂ ਨਾਲੋਂ ਕਈ ਗੁਣਾ ਜ਼ਿਆਦਾ ਹੁੰਦੇ ਹੋਏ, ਬਲਹੀਣ, ਸਾਹਸਹੀਣ ਹੋਏ ਕਾਇਰਾਂ ਵਾਂਗ ਹਰ ਕਿਸਮ ਦੀਆਂ ਬੇਇਜ਼ਤੀਆਂ ਮੱਥੇ ਦੇ ਲੇਖ ਸਮਝ ਕੇ ਝਲੀ ਜਾ ਰਹੇ ਸਨ। ਕੋਈ ਦਮ ਨਹੀਂ ਸੀ ਮਾਰ ਰਿਹਾ।

ਇਹਨਾਂ ਹਾਲਾਤ ਵਿਚ ਮੁਗ਼ਲ ਰਾਜ ਸਥਾਪਤ ਹੋ ਜਾਣਾ ਇਕ ਰਾਜ-ਪਲਟਾ ਸੀ। ਫਰਕ ਕੇਵਲ ਇਹ ਸੀ ਕਿ ਮੁਗ਼ਲ ਬਾਹਰੋਂ ਆਏ ਸਨ ਤੇ ਸੱਜਰ-ਸਾਹ ਸਨ। ਉਹਨਾਂ ਆਪਣੇ ਅਨੁਸ਼ਾਸਨ ਤੇ ਬਾਹੂ-ਬਲ ਨਾਲ ਹਿੰਦੁਸਤਾਨ ਦਾ ਕਾਫ਼ੀ ਵੱਡਾ ਹਿੱਸਾ, ਸਿਰਫ ਦਖਣ ਦਾ ਕੁਝ ਹਿਸਾ ਛੱਡ ਕੇ, ਆਪਣੇ ਤਾਬਿਆ ਕਰ ਲਿਆ। ਬਾਬਰ ਦੇ ਪਿਛੋਂ ਹਿਮਾਯੂੰ ਅਕਬਰ, ਜਹਾਂਗੀਰ, ਸ਼ਾਹਜਹਾਨ ਤੇ ਔਰੰਗਜ਼ੇਬ ਵਾਰੋ ਵਾਰੀ ਗੱਦੀ ਤੇ ਬੈਠੇ। ਔਰੰਗਜ਼ੇਬ ਸਮੇਂ ਅਰਾਕਾਨ ਦੇ ਪਹਾੜਾਂ ਤੋਂ ਲੈ ਕੇ ਕਾਬਲ, ਕੰਧਾਰ ਤੇ ਹਰਾਤ ਤਕ ਸਾਰਾ ਇਲਾਕਾ ਮੁਗ਼ਲ ਰਾਜ ਦੇ ਝੰਡੇ ਥਲੇ ਆ ਚੁਕਾ ਸੀ। ਉੱਤਰ ਦਖਣ ਕਸ਼ਮੀਰ ਤੋਂ ਲੈ ਕੇ ਬੀਜਾਪੁਰ ਤੇ ਗੋਲਕੰਡਾ ਤੱਕ ਮੁਗ਼ਲ ਰਾਜ ਦੀ ਨੌਬਤ ਵਜਦੀ ਸੀ। ਬਾਬਰ ਤੋਂ ਪਿਛੋਂ ਔਰੰਗਜ਼ੇਬ ਮੁਗ਼ਲ ਕਾਲ ਦਾ ਛੇਵਾਂ ਬਾਦਸ਼ਾਹ ਹੈ। ਇਸ ਦੇ ਅਤੀ ਵਿਸ਼ਾਲ ਰਾਜ ਦਾ ਸਮਾਂ (੧੬੫੮ ਈ: ਤੋਂ ੧੭੦੭ ਈ: ਤਕ) ਮੁਗ਼ਲ ਕਾਲ ਦੇ ਕਮਾਲ ਦਾ ਸਮਾਂ ਹੈ। ਸਿੱਖਾਂ ਵਲੋਂ ਦੇਸ਼ ਤੇ ਧਰਮ ਖ਼ਾਤਰ ਹਥਿਆਰਬੰਦ ਵਿਦਰੋਹ ਦਾ ਅਰੰਭ ਉਸ ਵਕਤ ਹੁੰਦਾ ਹੈ ਜਦ ਮੁਗ਼ਲ ਰਾਜ ਦਾ ਕਮਾਲ ਸਿਖਰ ਤੇ ਸੀ। ਇਹ ਵਿਦਰੋਹ ਜਿਉਂ ਜਿਉਂ ਆਪਣੇ ਨਿਸ਼ਾਨੇ ਵਲ ਵਧ ਰਿਹਾ ਸੀ, ਦਿਲੀ ਸਰਕਾਰ ਤੇ ਲਾਹੌਰ ਸਰਕਾਰ ਦੋ ਪੁੜ ਬਣਦੇ ਜਾ ਰਹੇ ਸਨ, ਜਿਸ ਵਿਚ ਵਿਦਰੋਹੀਆਂ ਨੂੰ ਪੀਸ ਦਿਤੇ ਜਾਣ ਦੇ ਪੂਰੇ ਜਤਨ ਕੀਤੇ ਜਾ ਰਹੇ ਸਨ।

ਔਰੰਗਜ਼ੇਬ ਆਲਮਗੀਰ ਆਪਣੇ ਭਾਈਆਂ ਤੇ ਤਖ਼ਤ ਦੇ ਹੋਰ ਦਾਅਵੇਦਾਰਾਂ ਨੂੰ ਬਿਲੇ ਲਾ ਕੇ, ਆਪਣੇ ਬਾਪ ਸ਼ਾਹਜਹਾਨ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕਰਕੇ, ੧੬੫੮ ਈ: ਵਿਚ ਦਿਲੀ ਦੇ ਤਖ਼ਤ ਤੇ ਬੈਠਾ। ਪਿਛੋਂ ਜਦ ਕੁਝ ਸਮੇਂ ਬਾਅਦ ਦਾਰਾ, ਜੋ ਉਸ ਦਾ ਵੱਡਾ ਭਰਾ ਸੀ, ਫੜਿਆ ਆਇਆ ਤਾਂ ਜ਼ਲੀਲ ਕਰਨ ਲਈ ਉਸ ਨੂੰ ਮਾਮੂਲੀ ਜਿਹਾ ਲਿਬਾਸ ਪੁਆ, ਇਕ ਮਰੀਅਲ ਜਿਹੇ ਹਾਥੀ ਤੇ ਬਿਠਾ, ਦਿਲੀ ਦੇ ਬਜ਼ਾਰਾਂ ਵਿਚ ਰੋਲ ਰੋਲ ਕੇ ਮਾਰਿਆ ਤੇ ਉਸ ਦਾ ਵਢਿਆ ਹੋਇਆ ਸਿਰ ਤੁਹਫ਼ੇ ਵਜੋਂ ਸ਼ਾਹਜਹਾਨ ਨੂੰ ਘਲਾਇਆ।

ਇਹ ਘਟਨਾਵਾਂ ਇਸ ਗੱਲ ਦੀਆਂ ਸੂਚਕ ਸਨ ਕਿ ਆਉਣ ਵਾਲਾ ਰਾਜ ਕਿਹੋ ਜਿਹਾ ਹੋਵੇਗਾ। ਔਰੰਗਜ਼ੇਬ ਦੀ ਸੋਚ ਉਤੇ ਮੌਲਾਣਿਆਂ ਦਾ ਉਹ ਤਬਕਾ ਹਾਵੀ ਸੀ ਜਿਨ੍ਹਾਂ ਦੀ ਸਰਦਾਰੀ ਸ਼ੇਖ਼ ਅਹਿਮਦ ਸਰਹੰਦੀ ਨਕਸ਼ਬੰਦੀ ਦੀ ਸੋਚ ਵਾਲੇ ਉਸ ਦੇ ਪੋਤਿਆਂ ਦੇ ਹੱਥ ਵਿਚ ਸੀ। ਆਲਮਗੀਰ ਇਸ ਘਰਾਣੇ ਦਾ ਬੜਾ ਕਟੜ ਪੈਰੋਕਾਰ ਸੀ। ਹਿੰਦੁਸਤਾਨ, ਜੋ ਔਰੰਗਜ਼ੇਬ ਦੀ ਨਿਗਾਹ ਵਿਚ ਦਾਰੁਲ-ਹਰਬ (ਕਾਫਰਾਂ ਦੇ ਹੋਣ ਕਰਕੇ ਬਦ-ਅਮਨ ਖਿਤਾ—ਧਰਮ ਪਖੋਂ ਅਸ਼ਾਂਤ ਖੰਡ) ਸੀ, ਨੂੰ ਉਹ ਦਾਰੁੱਸਲਮ (ਕਾਫ਼ਰਾਂ ਤੋਂ ਰਹਿਤ ਅਮਨ-ਚੈਨ ਵਾਲਾ ਖਿਤਾ) ਬਨਾਉਣਾ ਚਾਹੁੰਦਾ ਸੀ। ਇਸ ਕੰਮ ਦੀ ਸੀਖ ਇਸ ਕਟੜ-ਪੰਥੀ ਮੁਲਾਣਾਵਾਦ ਦੇ ਮੋਢੀ ਘਰਾਣੇ ਵਲੋਂ ਹੀ ਸੀ।

੧੬੭੫ ਈ: ਵਿਚ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰਵਾ ਕੇ, ਆਪਣੇ ਵਲੋਂ ਹਿੰਦੂਆਂ ਨੂੰ ਆਤਮ-ਬਲ ਪ੍ਰਦਾਨ ਕਰਨ ਵਾਲੇ ਤੇ ਉਹਨਾਂ ਦੇ ਧਰਮ-ਰਖਿਅਕ ਵਲੋਂ ਵਾਂਝਿਆਂ ਕਰਕੇ, ਤੇ ਇੰਜ ਉਹਨਾਂ ਨੂੰ ਸਾਹਸ-ਹੀਣ ਕਰਕੇ ਆਪਣੇ ਦਾਰੁੱਸਲਮ ਦੇ ਨਿਸ਼ਾਨੇ ਦੀ ਪੂਰਤੀ ਲਈ ਰਾਹ ਸਾਫ਼ ਕਰ ਲਿਆ ਸੀ। ਔਰੰਗਜ਼ੇਬ ਦੇ ਰਾਜ-ਕਾਲ ਸਮੇਂ ਹਿੰਦੂਆਂ ਉਤੇ ਕੀ ਬੀਤਦੀ ਸੀ, ਇਸ ਵਿਸਥਾਰ ਵਿਚ ਜਾਣ ਦੀ ਇਥੇ ਗੁੰਜਾਇਸ਼



www.AKJ.Org

ਨਹੀਂ। ਏਨਾ ਕਹਿ ਦੇਣਾ ਹੀ ਕਾਫ਼ੀ ਹੈ ਕਿ ਔਰੰਗਜ਼ੇਬ ਦਾ ਦੌਰ ਮੁਗਲ ਕਾਲ ਦਾ ਸਿਖਰ ਸੀ, ਭਾਵ, ਜਿਥੇ ਹਰ ਦੂਸਰੇ ਪੱਖੋਂ ਕਮਾਲ ਸੀ, ਉਥੇ ਜ਼ੁਲਮ ਵੀ ਔਕੜਾਂ ਤੇ ਜਾ ਪੁਜਾ ਸੀ।

੧੭੦੭ ਈ: ਵਿਚ ਔਰੰਗਜ਼ੇਬ ਦੀ ਮੌਤ ਨਾਲ ਮੁਗਲ ਰਾਜ ਦਾ ਸਿਖਰ, ਦੁਪਹਿਰ ਦਾ ਚਮਕਦਾ ਸੂਰਜ ਝਟ ਪੱਟ ਪਤਨ ਦੀ ਸੰਝ ਦੀ ਭਿਆਨਕ ਸ਼ਾਮ ਦੀ ਸਿਆਹੀ ਵਿਚ ਡੁਬਣ ਲੱਗਾ। ਇਸ ਤੋਂ ਪਿਛੋਂ ਮੁਗਲ ਰਾਜ ਦਾ ਪੰਜਾਬ ਉਤੇ ਅੱਤਿਆਚਾਰ ਦਿਨੋਂ-ਦਿਨ ਵਧਣ ਲਗਾ। ਆਲਮਗੀਰ ਆਪਣੀ ਉਮਰ ਦੇ ਆਖ਼ਰੀ ੨੫ ਸਾਲ ਦਖਣ ਦੀਆਂ ਲੜਾਈਆਂ ਵਿਚ ਰੁਝਾ ਰਿਹਾ ਤੇ ਉਥੇ ਹੀ ੧੭੦੭ ਈ: ਵਿਚ ਅਹਿਮਦ ਨਗਰ ਵਿਖੇ ਉਸ ਦਾ ਅੰਤ ਹੋ ਗਿਆ। ਉਸ ਸਮੇਂ ਵੀ ਉਸ ਵਲੋਂ ਨਿਯੁਕਤ ਕੀਤੇ ਹੋਏ ਸੂਬੇਦਾਰ ਹੀ ਮੁਲਤਾਨ, ਲਾਹੌਰ, ਸਰਹੰਦ ਅਤੇ ਕਸ਼ਮੀਰ ਉਤੇ ਰਾਜ ਕਰਦੇ ਸਨ।

ਬੁਲ੍ਹੇ ਸ਼ਾਹ ਕੋਈ ਇਤਿਹਾਸਕਾਰ ਨਹੀਂ ਹੈ। ਉਹ ਇਕ ਸੂਫ਼ੀ ਸੰਤ ਹੈ ਤੇ ਪੰਜਾਬੀ ਦਾ ਇਕ ਉੱਚ ਕੋਟੀ ਦਾ ਕਵੀ ਹੈ। ਉਹ ਆਪਣੇ ਸਮੇਂ ਨੂੰ ਰਾਜਗਰਦੀ ਜਾਂ ਰਾਮ-ਰੌਲੇ ਦਾ ਸਮਾਂ ਕਹਿੰਦਾ ਹੈ। ਇਸ ਗੜਬੜ ਵਾਲੇ ਦੌਰ ਦਾ ਉਸ ਦੇ ਮਨ ਉਤੇ ਪ੍ਰਭਾਵ ਪੈਣਾ ਸੁਭਾਵਕ ਸੀ। ਉਸ ਨੇ ਜੋ ਜ਼ੁਲਮ ਜਬਰ ਹੁੰਦਾ ਵੇਖਿਆ, ਨਿਰਪਖ ਹੋ ਕੇ ਉਹ ਲਿਖ ਦਿਤਾ। ਉਹ ਅਨਿਆਂ ਤੇ ਜ਼ੁਲਮ ਉਤੇ ਡਾਢਾ ਅਫ਼ਸੋਸ ਕਰਦਾ ਹੈ ਤੇ ਜ਼ਾਲਮ ਦੀ ਲਾਅਨਤ-ਮੁਲਾਮਤ ਕਰਦਾ ਹੈ। ਇਹ ਉਸ ਦਾ ਨਿਰਾਸ਼ਾਵਾਦੀ ਰਾਗ ਬੇਮਾਅਨੀ ਜਾਂ ਨਿਰਮੂਲ ਨਹੀਂ ਹੈ। ਇਹ ਅਸਲੀਅਤ ਦਾ ਡੀਠ-ਵਰਨਣ ਹੈ। ਉਸ ਦੇ ਤਥਾਂ ਤੇ ਆਧਾਰਤ ਸੰਕੇਤ ਇਤਿਹਾਸ ਪਖੋਂ ਅਕੱਟ ਸਬੂਤ ਤੇ ਬੇਮੁਲਾ ਇਤਿਹਾਸਕ ਸਰਮਾਇਆ ਹਨ।

ਸਾਈਂ ਬੁਲ੍ਹੇ ਸ਼ਾਹ ਔਰੰਗਜ਼ੇਬ, ਸ੍ਰੀ ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ, ਬਹਾਦਰ ਸ਼ਾਹ, ਅਬਦੁੱਸਮਦ ਖਾਨ, ਜ਼ਕਰੀਆ ਖ਼ਾਨ, ਪੰਜਾਬ ਦੇ ਸੂਬੇਦਾਰ ਜੋ ਪਿਉ ਪੁਤ ਵੀ ਸਨ, ਬਾਦਸ਼ਾਹ ਫ਼ਰਖ਼ਸੀਅਰ, ਸੱਯਦ ਭਰਾ, ਜਹਾਂਦਾਰ ਸ਼ਾਹ, ਮੁਹੰਮਦ ਸ਼ਾਹ ਰੰਗੀਲਾ, ਉਸਦਾ ਪੁਤ ਅਹਿਮਦ ਸ਼ਾਹ, ਭਾਈ ਤਾਰੂ ਸਿੰਘ, ਦੀਵਾਨ ਲਖਪਤ ਰਾਏ, ਜਸਪਤ ਰਾਏ, ਯਹੀਆ ਖ਼ਾਨ, ਮੀਰ ਮਨੂੰ, ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਨਾਦਰ ਸ਼ਾਹ, ਅਹਿਮਦ ਸ਼ਾਹ, ਮੱਸਾ ਰੰਘੜ, ਸੁਖਾ ਸਿੰਘ, ਮਤਾਬ ਸਿੰਘ, ਆਦਿ ਸਿੰਘਾਂ ਦਾ ਸਮਕਾਲੀ ਹੈ। ਉਸ ਨੇ ਵਖ ਵਖ ਪੱਖਾਂ ਦਾ ਵਿਰੋਧ ਤੇ ਇਹਨਾਂ ਦੇ ਜੰਗਾਂ ਜੁਧਾਂ ਨੂੰ ਆਪਣੀ ਅੱਖੀਂ ਡਿਠਾ ਹੈ। ਸਮੇਂ ਦਾ ਹਾਜ਼ਰ ਗਵਾਹ ਹੈ। ੧੭੨੦ ਈ: ਤੋਂ ਲੈ ਕੇ ੧੭੫੮ ਈ: ਤਕ ਸਿਖਾਂ ਦਾ ਬੜੀ ਬੇਦਰਦੀ ਨਾਲ ਹੁੰਦਾ ਕਤਲੇਆਮ ਤਕਿਆ। ਦੀਵਾਨ ਲਖਪਤ ਨੇ ਆਪਣੇ ਭਰਾ ਦੇ ਬਦਲੇ ਲਈ ਸਿੱਖਾਂ ਨੂੰ ਮਲੀਆਮੇਟ ਕਰ ਦੇਣ ਲਈ ਖਸਮ ਖਾਧੀ ਸੀ। ਸਿੱਟੇ ਵਜੋਂ ਮਾਸੂਮਾਂ ਦੇ ਕਤਲ ਨਾਲ ਨਾਲ ਪਹਿਲਾ ਘਲੂਘਾਰਾ ੨ ਜੇਠ ੧੭੪੬ ਈ: ਨੂੰ ਵਾਪਰਿਆ। ਇਹ ਉਸ ਸਮੇਂ ਦੀ ਬੜੀ ਦਰਦਨਾਕ ਘਟਨਾ ਸੀ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਵਰਗੇ ਜਰਵਾਣਿਆਂ ਦੇ ਹਮਲੇ ਤੇ ਹੋਣ ਵਾਲੀ ਲੁਟ ਤੇ ਤਬਾਹੀ ਦੇ ਦ੍ਰਿਸ਼ ਉਹਦੀਆਂ ਅਖਾਂ ਸਾਮ੍ਹਣੇ ਹਨ। ਉਹ ਆਪਣੇ ਵਿਸ਼ਵਾਸ ਉਤੇ ਦ੍ਰਿੜ੍ਹ ਹੈ ਤੇ ਪਖਪਾਤ ਤੋਂ ਬਲੰਦ ਹੋ ਕੇ ਆਪਣੀ ਮਸਤ ਚਾਲੇ ਤੁਰਦਾ ਹੋਇਆ ਬਹੁਮੁਲੇ ਇਸ਼ਾਰੇ ਕਰ ਜਾਂਦਾ ਹੈ। ਉਸਦੀਆਂ ਅਖਾਂ ਦੇ ਸਾਮ੍ਹਣੇ ਮਜ਼ਬੂਤ ਤੇ ਵਿਸ਼ਾਲ ਮੁਗਲ ਰਾਜ ਸਿੱਖਾਂ ਹਥੋਂ ਟੁਟਦਾ ਹੈ ਤੇ ਬੰਦਾ ਸਿੰਘ ਪਹਿਲਾ ਸਿਖ ਰਾਜ ਸਥਾਪਤ ਕਰਦਾ ਹੈ। ਇਸ ਸ਼੍ਰੋਮਣੀ ਸੂਫ਼ੀ ਸੰਤ ਨੇ ਪੰਜਾਬ ਦੀ ਤਰਸ-ਯੋਗ ਹਾਲਤ ਨੂੰ ਨੇੜੇ ਹੋ ਕੇ ਵੇਖਿਆ ਤੇ ਮਹਿਸੂਸ ਕੀਤਾ ਹੈ। ਉਸ ਨੇ ਦਿਲੀ ਵਿਚ ਚਾਂਦਨੀ ਚੌਕ ਵਿਖੇ ਗੁਰੂ ਤੇਗ ਬਹਾਦਰ ਦੀ ਹੋਈ ਸ਼ਹਾਦਤ ਬਾਰੇ ਵੀ ਸੁਣਿਆ ਸੀ ਤੇ ਇਸ ਦੇ ਜੋ ਕਾਰਨ ਸਨ, ਉਨ੍ਹਾਂ ਦਾ ਵੀ ਉਸਨੂੰ ਪਤਾ ਸੀ। ਇਸ ਲਈ ਉਸ ਨੇ ਗੁਰੂ ਤੇਗ ਬਹਾਦਰ ਨੂੰ ਬੇਮਿਸਾਲ ਤੇ ਅਡੋਲ ਦ੍ਰਿੜ੍ਹਤਾ ਦਰਸਾਉਣ ਵਾਲਾ ਗਾਜ਼ੀ, ਅਰਥਾਤ, ਸਰਵ-ਸ੍ਰੇਸ਼ਟ ਧਰਮ-ਵੀਰ ਕਰਕੇ ਮੰਨਿਆ ਹੈ। ਆਪਣੇ ਧਰਮ ਦੀ ਆਨ ਸ਼ਾਨ ਲਈ ਮਰ ਮਿਟਣ ਵਾਲੇ ਬਹੁਤ ਮਹਾਂ ਪੁਰਸ਼ ਹੋਏ ਹਨ, ਪਰ ਗੁਰੂ ਤੇਗ ਬਹਾਦਰ ਦਾ ਬਲੀਦਾਨ ਉਸ ਧਰਮ ਲਈ ਹੈ ਜਿਸ ਦਾ ਉਹ ਧਾਰਨੀ ਵੀ ਨਹੀਂ ਹੈ। ਉਸ ਸਮੇਂ ਦੀ ਇਸ ਮਹਾਨ ਘਟਨਾ ਦਾ



www.AKJ.Org

ਆਪਣੀ ਕਵਿਤਾ ਵਿਚ ਬੜਾ ਸੋਹਣਾ ਜ਼ਿਕਰ ਹੈ—

ਕਿਤੇ ਚੋਰ ਬਣੇ ਕਿਤੇ ਕਾਜ਼ੀ ਹੋ। ਕਿਤੇ ਮਿੰਬ੍ਰ ਤੇ ਬਹਿ ਵਾਅਜ਼ੀ ਹੋ।
ਕਿਤੇ ਤੇਗ ਬਹਾਦਰ ਗਾਜ਼ੀ ਹੋ।......
ਆਪੇ ਅਪਣਾ ਕਟਕ ਬਣਾਈਦਾ। ਹੁਣ ਕਿਸ ਤੋਂ ਅਪਣਾ ਆਪ ਛੁਪਾਈਦਾ।

ਗੁਰੂ ਗੋਬਿੰਦ ਸਿੰਘ ਜੀ ਦੇ ਧਰਮ-ਯੁਧਾਂ ਨੂੰ ਉਸ ਨੇ ਤੱਕਿਆ, ਉਨ੍ਹਾਂ ਚਿੜੀਆਂ ਤੋਂ ਬਾਜ਼ ਤੁੜਵਾਏ। ਇਸਦਾ ਪ੍ਰਭਾਵ ਸਾਰੇ ਇਤਿਹਾਸਕਾਰਾਂ ਤੋਂ ਪਿਛੋਂ ਆਉਣ ਵਾਲੇ ਕਵੀਆਂ ਤੇ ਲੇਖਕਾਂ ਵਾਂਗ ਬੁਲ੍ਹੇ ਸ਼ਾਹ ਨੇ ਵੀ ਕਬੂਲਿਆ :

ਬਾਜ਼ਾਂ ਨੂੰ ਖਰਗੋਸ਼ਾਂ ਖਾਧਾ, ਜੁਰ੍ਹੇ ਚਿੜੀਆਂ ਮਾਰ ਗਵਾਏ।
ਭੂਰਿਆਂ ਵਾਲੇ ਰਾਜੇ ਕੀਤੇ, ਰਾਜੇ ਭੀਖ ਮੰਗਾਏ।‡

ਵੀਹਵੀਂ ਸਦੀ ਵਿਚ ਸ਼ਾਇਰੇ ਮਸ਼ਰਕ ਅਲਾਮਾ ਇਕਬਾਲ ਨੇ ਆਪਣੇ ਉਰਦੂ ਕਲਾਮ ਵਿਚ ਇੰਜ ਅੰਕਤ ਕੀਤਾ ਹੈ—

ਕੰਜਸ਼ਕੇ ਫ਼ਰੋਮਾਇਆ ਕੋ ਸ਼ਾਹੀਂ ਸੇ ਲੜਾ ਦੋ।

(ਕੰਜਸ਼ਕ=ਚਿੜੀ। ਫ਼ਰੋਮਾਇਆ=ਨਿਮਾਣੀ, ਕਮਜ਼ੋਰ ਜਿਹੀ। ਸ਼ਾਹੀਂ=ਬਾਜ਼)

ਪ੍ਰਸਿਧ ਲਿਖਾਰੀ ਬਾਂਕੇ ਬਿਹਾਰੀ ਨੇ ਆਪਣੀ ਪੁਸਤਕ "ਸੂਫ਼ੀਜ਼, ਮਿਸਟਿਸ ਐਂਡ ਯੋਗੀਜ਼ ਆਫ਼ ਇੰਡੀਆ" —ਭਾਰਤੀ ਵਿਦਿਆ ਭਵਨ ਬੰਬੇ ੧੯੬੨, ਦੇ ਪੰਨਾ ੧੪੦ ਤੇ ਜ਼ਿਕਰ ਕੀਤਾ ਹੈ ਕਿ ਸਾਈਂ ਬੁਲ੍ਹੇ ਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਵੀ ਮਿਲਿਆ। ਉਸ ਨੇ ਬੜੇ ਦੁਖੀ ਹਿਰਦੇ ਨਾਲ ਹਿੰਦੂ ਸੰਤਾਂ ਦੇ ਔਰੰਗਜ਼ੇਬ ਦੀ ਹਕੂਮਤ ਹਥੋਂ ਬੇਰਹਿਮੀ ਨਾਲ ਕਤਲ ਹੋਣ ਬਾਰੇ ਵੀ ਸੁਣਿਆ ਸੀ। ਮੁਸਲਮਾਨ ਬੇਨਵਾ ਸੂਫ਼ੀ ਸੰਤ ਸਾਈਂ ਸਰਮਦ ਵੀ ਔਰੰਗਜ਼ੇਬ ਦੇ ਹੁਕਮ ਨਾਲ ਹੀ ਦਿਲੀ ਵਿਚ ਕਤਲ ਕੀਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਗਰੀਬਾਂ ਮਜ਼ਲੂਮਾਂ ਨੂੰ ਉਬਾਰਨ ਤੇ ਦੇਸ਼ ਧਰਮ ਦੀ ਰੱਖਿਆ ਦੀ ਲਹਿਰ, ਜੋ ਜੁਗ ਦਾ ਬੇਨਜ਼ੀਰ ਇਨਕਲਾਬ ਸੀ, ਤੋਂ ਵੀ ਉਹ ਬਹੁਤ ਪ੍ਰਭਾਵ ਗ੍ਰਹਿਣ ਕਰਦਾ ਹੈ। ਜ਼ਮਾਨਾ ਕਿਸ ਰੁਖ ਕਿਸ ਗਤੀ ਨਾਲ ਚਲ ਰਿਹਾ ਸੀ, ਬੁਲ੍ਹੇਸ਼ਾਹ ਇਸ ਦੀ ਨਬਜ਼ ਪਛਾਣਦਾ ਸੀ। ਉਸ ਦਾ ਅਨੁਭਵ ਤੇ ਦੂਰ-ਦ੍ਰਿਸ਼ਟੀ ਬਹੁਤ ਵੱਡੀਆਂ ਸਚਾਈਆਂ ਤੱਕ ਰਹੀ ਸੀ। ਤਾਈਉਂ ਤਾਂ ਉਸ ਨੇ ਇਸ ਅਟੱਲ ਸਚਾਈ ਦਾ ਪ੍ਰਗਟਾਵਾ ਕੀਤਾ, ਜੋ ਦਿਨ ਦੀ ਸਫ਼ੈਦੀ ਵਾਂਗ ਸੱਚ ਹੈ। ਉਸਦਾ ਕੌਲ ਹੈ :

ਨਾ ਕਹੂੰ ਜੱਬ ਕੀ ਨਾ ਕਹੂੰ ਤੱਬ ਕੀ। ਬਾਤ ਕਹੂੰ ਮੈਂ ਅੱਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।*

ਜ਼ਮਾਨਾ ਬੜੀ ਤੇਜ਼ੀ ਨਾਲ ਕਰਵਟ ਬਦਲ ਰਿਹਾ ਸੀ। ਚਾਰ-ਚੁਫੇਰੇ ਸਭ ਕੁਝ ਉਲਟ ਪੁਲਟ ਹੋ ਰਿਹਾ ਸੀ। ਸਿਆਣਿਆਂ ਦਾ ਕਥਨ ਹੈ ਕਿ ਵਾ ਵਗੇ ਤਾਂ ਸੱਪਾਂ ਚੂਹਿਆਂ ਦੀਆਂ ਖੁਡਾਂ ਵਿਚ ਵੀ ਜਾ ਲਗਦੀ ਹੈ। ਸੂਰਜ ਉਦੇ ਹੁੰਦਿਆਂ ਨਜ਼ਰ ਵਾਲੇ ਜਾਂਚ ਲੈਂਦੇ ਹਨ ਕਿ ਆਉਣ ਵਾਲਾ ਦਿਨ ਕਿਹੋ ਜਿਹਾ ਹੋਵੇਗਾ। ਇਨਕਲਾਬ ਦੇ ਚੜ੍ਹ ਰਹੇ ਤੂਫ਼ਾਨ ਨੂੰ ਬੁਲ੍ਹੇਸ਼ਾਹ ਵੀ ਭਾਂਪ ਗਿਆ :

ਉਲਟੇ ਹੋਰ ਜ਼ਮਾਨੇ ਆਏ। ਹੁਣ ਅਸਾਂ ਭੇਤ ਸੱਜਣ ਦੇ ਪਾਏ।....
ਸੱਚਿਆਂ ਨੂੰ ਮਿਲਦੇ ਧੱਕੇ। ਝੂਠੇ ਕੋਲ ਬਹਾਏ।

ਪਰਜਾ, ਖ਼ਾਸ ਕਰਕੇ ਗੈਰ-ਮੁਸਲਮਾਨਾਂ ਦੀ ਹਾਲਤ ਬਹੁਤ ਹੀ ਤਰਸ-ਯੋਗ ਸੀ। ਮਾੜੇ ਬੁਰੀ ਤਰ੍ਹਾਂ ਨਪੀੜੇ ਜਾ ਰਹੇ ਸਨ ਤੇ ਤਕੜੇ ਦਿਨੋ ਦਿਨ ਹੋਰ ਤਕੜੇ ਹੋਈ ਜਾ ਰਹੇ ਸਨ। ਮੁਗਲਾਂ ਦੀ ਰਾਜ-ਸ਼ਕਤੀ ਘੁੰਣ-ਘੋਗੀ ਵਲ ਵਧ ਰਹੀ

‡ ਕਸੂਰ-ਵਾਸੀ ਪ੍ਰੇਮ ਸਿੰਘ ਜ਼ਰਗਰ ਨੇ ਇਸ ਕਾਫ਼ੀ ਨੂੰ ਆਪਣੇ ਸੰਗ੍ਰਹਿ ਵਿਚ ਇਸ ਤਰ੍ਹਾਂ ਦਿਤਾ ਹੈ :

ਉਲਟੇ ਹੋਰ ਜ਼ਮਾਨੇ ਆਏ। ਕਾਂ ਲਗੜਾਂ ਨੂੰ ਮਾਰਨ ਲੱਗੇ।
ਚਿੜੀਆਂ ਜੁਰ੍ਹੇ ਖਪਾਏ। ਉਲਟੇ ਹੋਰ ਜ਼ਮਾਨੇ ਆਏ।

* ਪੰਜਾਬੀ ਦੁਨੀਆਂ (ਬੁਲ੍ਹੇਸ਼ਾਹ ਅੰਕ-ਜਨਵਰੀ, ਫ਼ਰਵਰੀ) ੧੯੬੨, ਪੰਨਾ ੨੨੩



www.AKJ.Org

ਸੀ। ਇਹ ਰਾਜ ਚੋਟੀ ਤੇ ਜਾ ਕੇ ਨਿਘਾਰ ਦੀ ਢਲਵਾਨੇ ਪੈ ਚੁਕਾ ਸੀ। ਉਸ ਸਮੇਂ ਪੰਜਾਬ ਉਤੇ ਦਿਲੀ, ਕਾਬਲ ਜਾਂ ਮੁਲਤਾਨ ਤੋਂ ਭੇਜੇ ਹੋਏ ਸੂਬੇਦਾਰ ਰਾਜ ਕਰਦੇ ਸਨ। ਔਰੰਗਜ਼ੇਬ ਦੀ ਮੌਤ ਤੋਂ ਪਿਛੋਂ ਬਹਾਦਰ ਸ਼ਾਹ (੧੭੦੭ ਈ: ਤੋਂ ੧੭੧੨ ਈ: ਤਕ), ਜਹਾਂਦਾਰ ਸ਼ਾਹ (੧੭੧੨ ਈ: ਤੋਂ ੧੭੧੩ ਈ: ਤਕ), ਫ਼ਰਖ਼ਸੀਅਰ (੧੭੧੩ ਈ: ਤੋਂ ੧੭੧੯ ਈ: ਤਕ), ਮੁਹੰਮਦ ਸ਼ਾਹ ਰੰਗੀਲਾ (੧੭੧੯ ਈ: ਤੋਂ ੧੭੪੮ ਈ: ਤਕ), ਅਹਿਮਦ ਸ਼ਾਹ (੧੭੪੮ ਈ: ਤੋਂ ੧੭੫੪ ਈ: ਤਕ), ਅਤੇ ਆਲਮਗੀਰ ਸਾਨੀ (੧੭੫੪ ਈ: ਤੋਂ ੧੭੫੯ ਈ: ਤਕ) ਵਾਰੋ ਵਾਰੀ ਇਹ ਮੁਗ਼ਲ ਬਾਦਸ਼ਾਹ ਦਿਲੀ ਦੇ ਤਖ਼ਤ ਤੇ ਬੈਠੇ। ਦਿਲੀ ਦੇ ਬਾਦਸ਼ਾਹਾਂ ਵਲੋਂ ਹੀ ਸੂਬਿਆਂ ਦੇ ਸੂਬੇਦਾਰ ਨਿਯੁਕਤ ਕੀਤੇ ਜਾਂਦੇ ਸਨ, ਜੋ ਵਾਸਤਵ ਵਿਚ ਰਾਜ ਕਰਦੇ ਸਨ। ਉਹ ਆਪਣੇ ਸੂਬਿਆਂ ਵਿਚ ਹਰ ਤਰ੍ਹਾਂ ਦੀ ਸਿਆਹੀ ਸਫ਼ੈਦੀ ਦੇ ਮਾਲਕ ਹੁੰਦੇ ਸਨ ਤੇ ਕਈ ਵਾਰ ਆਪਣੀਆਂ ਮਨ-ਮਾਨੀਆਂ ਕਰਨੋਂ ਵੀ ਨਹੀਂ ਸਨ ਝਿਜਕਦੇ। ਇਹ ਸੂਬੇਦਾਰ ਬਦਲਦੇ ਰਹਿੰਦੇ ਸਨ। ਜਿਉਂ ਜਿਉਂ ਦਿਲੀ ਦੇ ਬਾਦਸ਼ਾਹ ਕਮਜ਼ੋਰ ਹੁੰਦੇ ਗਏ, ਸੂਬਿਆਂ ਦੇ ਹਾਕਮਾਂ ਦੀ ਤਾਕਤ ਵਧਦੀ ਗਈ। ਇਹ ਸੂਬੇਦਾਰ ਆਪਣੇ ਆਪ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਤੇ ਖ਼ੁਦਮੁਖ਼ਤਾਰ ਸਮਝਣ ਲਗੇ। ਇਹ ਲੋਕ ਬੜੇ ਮੌਕਾ-ਸ਼ਨਾਸ, ਖ਼ੁਸ਼ਾਮਦੀ, ਥੋੜੀ ਨੂੰ ਬਹੁਤੀ ਤੇ ਬਹੁਤੀ ਨੂੰ ਥੋੜੀ ਕਰਕੇ ਵਿਖਾਉਣ ਵਾਲੇ ਤੇ ਚੜ੍ਹਦੇ ਸੂਰਜ ਨੂੰ ਸਲਾਮ ਕਰਨਾ ਆਪਣਾ ਧਰਮ ਸਮਝਦੇ ਸਨ। ਇਨ੍ਹਾਂ ਦੀ ਹਰ ਕੋਸ਼ਸ਼ ਹੁੰਦੀ ਸੀ ਕਿ ਸੂਬੇਦਾਰੀ ਦੀ ਗੱਦੀ ਉਹਨਾਂ ਦੇ ਘਰ ਵਿਚ ਹੀ ਰਹੇ। ਇਸ ਖ਼ਾਤਰ ਉਹ ਹਰ ਤਰ੍ਹਾਂ ਦੇ ਹੱਥਕੰਡੇ, ਹੇਰਾ ਫੇਰੀਆਂ ਤੇ ਸਾਜ਼ਸ਼ਾਂ ਕਰਦੇ ਰਹਿੰਦੇ। ਲਾਈ ਬੁਝਾਈ ਕਰਕੇ, ਲੋੜ ਪਵੇ ਤਾਂ ਦਿਲੀ ਦਰਬਾਰ ਨੂੰ ਅੱਖਾਂ ਵਿਖਾ ਕੇ ਆਪਣੇ ਨਿਸ਼ਾਨੇ ਵਿਚ ਬਹੁਤ ਹੱਦ ਤਕ ਸਫਲ ਹੋ ਜਾਂਦੇ।

ਔਰੰਗਜ਼ੇਬ ਦੀ ਮੌਤ ਪਿਛੋਂ ਇਹ ਸੂਬੇਦਾਰ ਕਾਬਲ ਕੰਧਾਰ ਤੇ ਈਰਾਨ ਵਲ ਸਿਆਸੀ ਸੌਦੇ-ਬਾਜ਼ੀਆਂ ਲਈ ਝਾਕਣ ਲਗ ਪਏ। ਇਹ ਹਰ ਬਾਹਰਲੇ ਹਮਲਾ-ਆਵਰ ਨੂੰ ਸੰਜੋਗ ਦੇਂਦੇ, ਕਦੀ ਸਾਜ਼ਸ਼ ਕਰ ਕੇ ਬਾਹਰਲਿਆਂ ਜਰਵਾਣਿਆਂ ਨੂੰ ਆਪ ਬੁਲਾ ਲੈਂਦੇ ਤੇ ਕਦੀ ਬੁਲਾ ਕੇ ਫੇਰ ਦਿਲੀ ਨਾਲ ਗਾਂਢਾ ਸਾਂਢਾ ਕਰ ਕੇ ਵਾਅਦੇ ਤੋਂ ਮੁਕਰ ਜਾਂਦੇ ਤੇ ਆਉਣ ਵਾਲੇ ਨੂੰ ਕਸੂਤਾ ਫਸਾ ਦੇਂਦੇ। ਇਹਨਾਂ ਦਾ ਕੋਈ ਧਰਮ ਧਿਜਾ ਜਾਂ ਦੀਨ ਈਮਾਨ ਨਹੀਂ ਸੀ। ਇਹਨਾਂ ਨੂੰ ਸਿਰਫ਼ ਆਪਣਾ ਹੀ ਹਿਤ ਪਿਆਰਾ ਹੁੰਦਾ ਸੀ। ਇਸ ਖ਼ਾਤਰ ਇਹ ਥਾਲੀ ਦੇ ਵੈਂਗਣ ਵਾਂਗ ਕਦੀ ਕਿਸੇ ਪਾਸੇ ਕਦੀ ਕਿਸੇ ਪਾਸੇ। ਦੇਸ਼ ਕੌਮ ਨਾਲ ਇਹਨਾਂ ਨੂੰ ਕੋਈ ਗ਼ਰਜ਼ ਨਹੀਂ ਸੀ। ਇਕ ਗੱਲ ਤੇ ਇਹਨਾਂ ਦਾ ਨਿਸ਼ਾਨਾ ਇਕੋ ਸੀ—ਪੰਜਾਬ ਵਿਚ ਉਠ ਰਹੀ ਕੌਮੀ ਲਹਿਰ, ਜਿਸ ਦੇ ਮੋਢੀ ਸਿਖ ਸਨ, ਉਸ ਨੂੰ ਪੂਰੀ ਤਰ੍ਹਾਂ ਕੁਚਲ ਦੇਣਾ। ਸਾਰੇ ਹੀ ਪਹਿਲੇ ਨਾਲੋਂ ਬਾਜ਼ੀ ਲੈ ਜਾਣ ਵਿਚ ਆਪਣਾ ਪੂਰਾ ਤਾਣ ਲਾ ਦੇਂਦੇ।

ਇਹਨਾਂ ਸੂਬੇਦਾਰਾਂ ਨੇ ਇਕ ਦੂਜੇ ਨਾਲੋਂ ਵਧ ਕੇ ਸਿੰਘਾਂ ਤੇ ਅਤਿਆਚਾਰ ਕੀਤੇ, ਜਿਨ੍ਹਾਂ ਦੀ ਵਾਰਤਾ ਸੁਣ ਕੇ ਅੱਜ ਵੀ ਸਾਰੇ ਤ੍ਰਾਹ ਤ੍ਰਾਹ ਕਰ ਉਠਦੇ ਹਨ। ਅਤਿਆਚਾਰਾਂ ਦੀ ਇਹ ਭਠੀ ੧੭੧੦ ਈ: ਤੋਂ ਲੈ ਕੇ ੧੭੬੫ ਈ: ਤਕ ਬੜੀ ਤੇਜ਼ੀ ਨਾਲ ਮਘਦੀ ਰਹੀ।

—ਚਲਦਾ]

## ਗੁਰਬਾਣੀ ਥਰੈਪੀ ਟ੍ਰਸਟ ਵਲੋਂ 14-5-89 ਨੂੰ ਹੋਈ ਗੁਰਬਾਣੀ-ਪ੍ਰੀਖਿਆ ਦਾ ਨਤੀਜਾ

ਰੋਲ ਨੰ: 101 ਬੀਬੀ ਗੁਰਪ੍ਰੀਤ ਕੌਰ ਪਹਿਲਾ ਇਨਾਮ 501-00, ਨੰ: 38 ਬੀ. ਅੰਮ੍ਰਿਤਪਾਲ ਕੌਰ ਦੂਜਾ ਇਨਾਮ 301-00, ਨੰ: 36 ਬੀ: ਹਰਜਿੰਦਰ ਕੌਰ ਤੇ ਨੰ: 1 ਭਾ: ਨਰਿੰਦਰ ਸਿੰਘ ਪ੍ਰੇਮੀ ਤੀਜਾ ਇਨਾਮ 251-00, 251-00, ਨੰ: 261 ਭਾ: ਰਣਬੀਰ ਸਿੰਘ ਚੌਥਾ ਇਨਾਮ 151-00, ਨੰ: 37 ਬੀ. ਮਨਜੀਤ ਕੌਰ ਪੰਜਵਾਂ ਇਨਾਮ 131-00। ਰੋਲ ਨੰਬਰ 19,28, 35, 39, 40, 41, 43, 52, 53, 103, 108, 109, 111, 262, 264, 268 ਇਨ੍ਹਾਂ ਸਭਨਾਂ ਦੇ ਨੰਬਰ 80 ਤੋਂ ਉਪਰ ਹੋਣ ਕਰਕੇ ਪ੍ਰਤੀ ਵਿਅਕਤੀ ਨੂੰ 101-00 ਦੇ ਇਨਾਮ 27-8-89 ਨੂੰ ਪ੍ਰੀਖਿਆ ਅਸਥਾਨ ਤੇ ਦਿਤੇ ਜਾਣੇ ਹਨ।

ਆਉਂਦੀ ਸ੍ਰੀ ਸੁਖਮਨੀ ਸਾਹਿਬ ਦੀ ਪ੍ਰੀਖਿਆ 27-8-89 ਐਤਵਾਰ ਦੁਪਹਿਰ ਪਿਛੋਂ ਅੰਮ੍ਰਿਤਸਰ, ਚੰਡੀਗੜ੍ਹ ਅਤੇ ਧਨਬਾਦ (ਬਿਹਾਰ) ਸੈਂਟਰਾਂ ਵਿਚ ਹੋਵੇਗੀ। ਮਾਡਲ ਟੈਸਟ ਪੇਪਰ ਤੇ ਰੋਲ ਨੰਬਰ ਪ੍ਰਾਪਤ ਕਰਨ ਲਈ ਹੇਠਲੇ ਪਤੇ ਤੇ ਲਿਖੋ। ਸਕੂਲੀ ਬੱਚਿਆਂ ਦੀ ਕੰਠਾਗਰ ਪ੍ਰੀਖਿਆ ਕੇਵਲ ਪਹਿਲੀਆਂ 6 ਅਸ਼ਟਪਦੀਆਂ ਦੀ ਹੋਵੇਗੀ। ਕੰਠਾਗਰ ਪ੍ਰੀਖਿਆ ਦੇ 25 ਅਤੇ ਲਿਖਤੀ ਦੇ 75 ਨੰਬਰ ਹੋਣਗੇ।

ਪ੍ਰਾਰਥਕ—ਡਾਕਟਰ ਹਰਚਰਨ ਸਿੰਘ ਕਨਵੀਨਰ

ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ (ਰਜਿ:), 20-ਡਾਕਟਰਜ਼ ਐਵਿਨਿਉ, ਮਜੀਠਾ ਰੋਡ, ਅੰਮ੍ਰਿਤਸਰ

www.AKJ.Org

# ਗੁਰਦੁਆਰਾ ਸਾਹਿਬ, ਨਾਭਾ (ਪਿੰਡ)

## (ਪੀਰ ਦਰਗਾਹੀ ਸ਼ਾਹ ਦਾ ਤਕੀਆ)

[ਪ੍ਰਿੰਸੀਪਲ ਨਾਹਰ ਸਿੰਘ ਜੀ, ਸਿਵਲ ਲਾਈਨਜ਼, ਲੁਧਿਆਣਾ]

1. ਚੰਡੀਗੜ੍ਹ ਤੋਂ ਰਾਜ-ਪੁਰਾ ਪਟਿਆਲਾ ਜਾਣ ਵਾਲੀ ਸੜਕ ਦੇ ਦਸਵੇਂ ਮੀਲ ਤੇ ਸ਼ਰਧਾਲੂ ਸਿੱਖਾਂ ਦਾ ਇਕ ਛੋਟਾ ਜਿਹਾ ਪਿੰਡ 'ਨਾਭਾ' ਕਈ ਸਦੀਆਂ ਤੋਂ ਵਸ ਰਿਹਾ ਹੈ। ਪਿੰਡੋਂ ਬਾਹਰ ਸੜਕ ਤੇ ਇਕ ਗੁਰ-ਅਸਥਾਨ ਹੈ, ਜਿਸ ਦੀ ਬਿਲਡਿੰਗ ਦੀ ਕਾਰ-ਸੇਵਾ, ਤਰਨ ਤਾਰਨ ਵਾਲੇ ਸੰਤ ਜਗਤਾਰ ਸਿੰਘ ਜੀ ਆਪਣੇ ਸ਼ਰਧਾਲੂਆਂ ਨਾਲ, ਪ੍ਰੇਮ ਸਹਿਤ ਕਰਵਾ ਰਹੇ ਹਨ ਅਤੇ ਨਾਲ ਹੀ ਲੰਗਰ ਦੀ ਸੇਵਾ ਵੀ ਕਰ ਰਹੇ ਹਨ। ਇਸ ਪੂਜ-ਸਥਾਨ ਦੀ ਵਿਥਿਆ ਇਸ ਤਰ੍ਹਾਂ ਹੈ, ਪੜ੍ਹੋ, ਸੁਣੋ।

2. **ਪੀਰ ਦਰਗਾਹੀ ਸ਼ਾਹ** : ਸਤਾਰਵੀਂ ਸਦੀ ਵਿਚ, ਭਾਵ, ਛੇਵੇਂ ਨਾਨਕ ਤੋਂ ਦਸਵੇਂ ਨਾਨਕ ਤਕ, ਇਸ ਪਿੰਡ ਦੇ ਬਾਹਰਵਾਰ ਇਕ ਤਪੱਸਵੀ ਮੁਸਲਮਾਨ ਫਕੀਰ, ਪੀਰ ਦਰਗਾਹੀ ਸ਼ਾਹ ਆਪਣੇ ਹੁਜਰੇ (ਕੁਟੀਆ) ਵਿਚ ਰਹਿੰਦਾ ਸੀ। ਉਸ ਨੇ ਕਿਸੇ ਗੁਰੂ ਜੀ ਦੇ ਦਰਸ਼ਨ ਨਹੀਂ ਕੀਤੇ ਸਨ, ਪਰ ਉਹ ਗੁਰੂ ਘਰ ਦਾ ਸੱਚਾ ਸ਼ਰਧਾਲੂ, ਪ੍ਰਸੰਸਕ ਸੀ। ਉਸ ਨੂੰ ਗੁਰੂ ਨਾਨਕ ਦੀ ਗੱਦੀ ਤੇ ਪੂਰਾ ਭਰੋਸਾ ਸੀ। ਉਹ ਬਹੁਤ ਬੁਢਾ ਹੋ ਗਿਆ ਅਤੇ ਉਸ ਨੂੰ ਹਰ ਸਮੇਂ ਇਹ ਰੀਝ, ਤਾਂਘ, ਚਾਉ ਤੇ ਖਿੱਚ ਰਹਿੰਦੀ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਹੋਣ। ਉਸ ਦੀ ਖਿੱਚ ਇਤਨੀ ਬਲਵਾਨ ਸੀ ਕਿ ਉਸਨੂੰ ਕਈ ਵਾਰੀ ਭੁਲੇਖਾ ਪੈ ਜਾਂਦਾ ਕਿ ਗੁਰੂ ਜੀ ਆ ਗਏ। ਅਤੇ ਆਪਣੇ ਹੁਜਰੇ ਵਿਚੋਂ ਬਾਹਰ ਆ ਜਾਂਦਾ। ਆਲੇ ਦੁਆਲੇ ਦੇ ਵਸਨੀਕਾਂ ਨੂੰ ਵੀ ਪਤਾ ਸੀ ਕਿ ਉਹ ਗੁਰੂ ਘਰ ਦਾ ਸ਼ਰਧਾਲੂ ਹੈ।

3. **ਭਾਈ ਜੈਤਾ ਤੇ ਸੀਸ ਦੇ ਦਰਸ਼ਨ** : ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ੧੧ ਮੱਘਰ ਸੰਮਤ ੧੭੩੨ (ਸੰਨ ੧੬੭੫) ਚਾਂਦਨੀ ਚੌਕ ਦਿੱਲੀ ਵਿਖੇ ਆਪਣੇ ਸਾਥੀਆਂ ਸਮੇਤ ਸ਼ਹੀਦੀ ਪਾ ਗਏ। ਭਾਈ ਜੈਤੇ ਨੇ ਸਤਿਗੁਰਾਂ ਦਾ ਸੀਸ ਇਕ ਸੁੱਚੀ ਚਾਦਰ ਵਿਚ ਲਪੇਟਿਆ ਤੇ ਸਿਰ ਤੇ ਰੱਖ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਰਾਹ ਪੈ ਗਿਆ। ਬਚਦਾ ਬਚਾ, ਸਾਵਧਾਨੀ ਨਾਲ ਉਹ ੧੩ ਮੱਘਰ ਨੂੰ ਨਾਭੇ ਪਿੰਡ ਦੇ ਨੇੜੇ ਪੁੱਜਾ। ਉਸਨੂੰ ਪਤਾ ਸੀ ਕਿ ਉਹ ਪੀਰ ਦਰਗਾਹੀ ਸ਼ਾਹ ਦੇ ਤਕੀਏ ਵਿਚ ਸਲਾਮਤੀ ਸਹਿਤ ਆਰਾਮ ਕਰ ਸਕਦਾ ਹੈ। ਠੀਕ ਜਿਸ ਸਮੇਂ ਭਾਈ ਜੈਤਾ ਜੀ ਨੇ ਪੀਰ ਜੀ ਦੇ ਵਿਹੜੇ ਵਿਚ ਪੈਰ ਰੱਖਿਆ, ਉਸ ਵੇਲੇ ਹੁਜਰੇ ਦੇ ਅੰਦਰ ਪੀਰ ਜੀ ਦੀ ਸਮਾਧੀ ਖੁੱਲ੍ਹ ਗਈ ਤੇ ਫੁਰਨਾ ਫੁਰਿਆ ਕਿ ਗੁਰੂ ਤੇਗ ਬਹਾਦੁਰ ਜੀ ਆ ਗਏ ਹਨ। ਛੇਤੀ ਨਾਲ, ਸਿਰ ਨਿਵਾ ਕੇ, ਹੱਥ ਜੋੜ ਕੇ ਬਾਹਰ ਨਿਕਲਿਆ। ਸਿੱਖ ਨੂੰ ਦੇਖ ਕੇ ਧੰਨ ਭਾਗ ਜਾਣ ਕੇ 'ਜੀ ਆਇਆਂ' ਕਹਿੰਦਿਆਂ ਆਖਿਆ, "ਮੈਂ ਤਾਂ ਸਮਝਿਆ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਆ ਗਏ ਹਨ।" ਭਾਈ ਜੈਤੇ ਨੂੰ ਪੀਰ ਜੀ ਦੇ ਗੁਰੂ ਘਰ ਦੇ ਸੱਚੇ ਸਨੇਹੀ ਤੇ ਪੂਰਨ ਭਗਤ ਹੋਣ ਦਾ ਭਰੋਸਾ ਹੋ ਗਿਆ। ਪੀਰ ਜੀ ਦੇ ਤਕੀਏ (ਥੜੇ) ਤੇ ਬੈਠ ਕੇ ਭਾਈ ਜੈਤੇ ਨੇ ਪੀਰ ਜੀ ਨੂੰ ਸ਼ਹੀਦੀ ਵਾਰਤਾ ਸੁਣਾਈ ਤੇ ਸੀਸ ਦੇ ਦਰਸ਼ਨ ਕਰਾਏ।

4. **ਪੀਰ ਜੀ ਦੀ ਸ਼ਰਧਾ** : ਪੀਰ ਜੀ ਦੇ ਨੇਤਰਾਂ ਵਿਚੋਂ ਨੀਰ ਵਗਿਆ, ਪੀਰ ਜੀ ਨੇ 'ਸੀਸ' ਨੂੰ ਸੱਤ ਸਲਾਮਾਂ ਕੀਤੀਆਂ, ਪੀਰ ਜੀ ਦੇ ਧੁਰ ਅੰਦਰੋਂ ਹੂਕ ਨਿਕਲੀ ਤੇ ਕੂਕ ਮਾਰ ਕੇ ਔਰੰਗਜ਼ੇਬ ਨੂੰ ਬਦ-ਦੁਆ ਦਿੱਤੀ। ਪਰ 'ਸੀਸ' ਦੇ ਦਰਸ਼ਨ ਆਪਣੇ ਧੰਨ ਭਾਗ ਜਾਣੇ ਤੇ ਜੈਤੇ ਨੂੰ ਆਖਿਆ, "ਗੁਰੂ ਗੋਬਿੰਦ ਰਾਏ, ਬਾਲਾ ਪ੍ਰੀਤਮ ਜੀ ਦੇ ਦਰਸ਼ਨਾਂ ਦੀ ਆਸ ਨਾਲ ਜੀਂਦਾ ਹਾਂ। ਮਨ ਲੋਚਦਾ ਹੈ ਕਿ ਉਡ ਕੇ ਉਹਨਾਂ ਦੇ ਦਰਸ਼ਨ ਕਰਾਂ, ਪਰ ਹੱਡਾਂ ਵਿੱਚ ਸਤਿਆ ਨਹੀਂ। ਮੇਰੀ ਬੇਨਤੀ ਪਹੁੰਚਾ ਦੇਣੀ।"

ਭਾਈ ਜੈਤਾ ਅਨੰਦਪੁਰ ਪੁੱਜ ਗਿਆ ਤੇ ਗੁਰੂ ਜੀ ਨੂੰ ਸਾਈਂ ਜੀ ਦੀ ਬੇਨਤੀ ਆਖ ਸੁਣਾਈ। ਗੁਰੂ ਜੀ ਨੇ ਭਾਈ ਜੈਤੇ ਨੂੰ ਪੱਕੀ ਕੀਤੀ ਕਿ ਜਦ ਕਦੀ ਉਧਰ ਜਾਵਾਂਗੇ ਤਾਂ ਚੇਤੇ ਕਰਵਾਣਾ, ਪੀਰ ਜੀ ਦੀ ਇੱਛਾ ਪੂਰੀ ਕਰਾਂਗੇ।



www.AKJ.Org

5. **ਦਸਮੇਸ਼ ਮਿਲਾਪ** : ਦਸਮੇਸ਼ ਜੀ ਸੰਮਤ ੧੭੪੫, ਸੰਨ ੧੬੯੮ ਵਿਚ ਪਾਉਂਟੇ ਸਾਹਿਬ ਤੋਂ ਪਰਤਦੇ ਹੋਏ, ਨਾਭੇ ਪਹੁੰਚੇ। ਇਥੇ ਭਾਈ ਜੈਤੇ ਨੇ ਗੁਰੂ ਜੀ ਨੂੰ ਪੀਰ ਦਰਗਾਹੀ ਸ਼ਾਹ ਨੂੰ ਦਰਸ਼ਨ ਦੇਣ ਦੀ ਗੱਲ ਚੇਤੇ ਕਰਾਈ। ਭਾਈ ਜੈਤੇ ਨੂੰ ਨਾਲ ਲੈ ਕੇ ਦਸਮੇਸ਼ ਜੀ ਇਰਾਕੇ ਤੇ ਸਵਾਰ ਹੋਏ ਤੇ ਨਾਭੇ ਪੁੱਜ ਗਏ। ਜਿਸ ਸਮੇਂ ਪੀਰ ਜੀ ਨੂੰ ਪਤਾ ਲੱਗਾ, ਅੰਦਰੋਂ ਨੱਠਾ ਆਇਆ, ਪੈਰਾਂ ਤੇ ਢਹਿ ਪਿਆ, ਪ੍ਰੇਮ ਸਹਿਤ ਸਤਿਗੁਰਾਂ ਨੂੰ ਦੁੱਧ ਦਾ ਛੰਨਾ ਛਕਾਇਆ। ਸਤਿਗੁਰਾਂ ਨੇ ਹੱਥ ਪੈਰ ਧੋਤੇ, ਜਿਸ ਥਾਂ ਤੇ ਸੀਸ ਟਿਕਾ ਕੇ ਭਾਈ ਜੈਤੇ ਨੇ ਪੀਰ ਜੀ ਨੂੰ ੧੩ ਵਰ੍ਹੇ ਪਹਿਲਾਂ ਦਰਸ਼ਨ ਕਰਵਾਏ ਸਨ, ਉਸ ਥਾਂ ਤੇ ਦਸਮੇਸ਼ ਜੀ ਨੇ ਆਪਣਾ ਸੀਸ ਟਿਕਾ ਕੇ ਮੱਥਾ ਟੇਕਿਆ। ਪੂਰਨ ਸ਼ਰਧਾ ਪਰਗਟ ਕੀਤੀ, ਬਲ-ਸ਼ਕਤੀ ਦੀ ਦਾਤ ਮੰਗੀ।

6. **ਪੀਰ ਜੀ ਪੂਰੇ ਹੋਏ** : ਪੀਰ ਜੀ ਨਾਲ ਬਚਨ ਬਿਲਾਸ ਕੀਤੇ। ਪੀਰ ਜੀ ਨੇ ਦੁਨੀਆ ਤੋਂ ਜਾਣ ਦੀ ਆਗਿਆ ਮੰਗੀ। ਸਤਿਗੁਰਾਂ ਆਖਿਆ, ਅਜੇ ਚਾਲੀ ਦਿਨ ਹੋਰ ਜੀਵੋ। ਅੱਲਾ ਦੀ ਯਾਦ ਵਿਚ, ਨਮਾਜ਼ ਪੜ੍ਹਦਿਆਂ, ਇਬਾਦਤ ਕਰਦਿਆਂ, ਚਾਲੀਵਾਂ ਦਿਨ ਆ ਪੁੱਜਾ। ਪੀਰ ਜੀ ਪ੍ਰਾਣ ਤਿਆਗਣ ਲਈ ਦਸਮੇਸ਼ ਜੀ ਦੀ ਉਡੀਕ ਵਿਚ ਸਨ ਕਿ ਸਤਿਗੁਰੂ ਆ ਪਹੁੰਚੇ। ਸਤਿਗੁਰਾਂ ਨੇ ਆਪਣੀ ਗੋਦ ਵਿਚ ਸਾਈਂ ਜੀ ਦਾ ਸੀਸ ਟਿਕਾਇਆ। ਪੀਰ ਦੇ ਅੰਦਰੋਂ ਅੱਲਾ ਅੱਲਾ ਦੀ ਆਵਾਜ਼ ਬੰਦ ਹੋਈ, ਪੀਰ ਜੀ ਵਫ਼ਾਤ ਪਾ ਗਏ। ਸਤਿਗੁਰਾਂ ਨੇ ਆਪਣੇ ਕਰ-ਕਮਲਾਂ ਨਾਲ ਪੀਰ ਜੀ ਦੀ ਮ੍ਰਿਤਕ ਦੇਹ ਨੂੰ ਇਸ਼ਨਾਨ ਕਰਵਾਇਆ, ਕਬਰ ਪੁੱਟੀ ਗਈ ਅਤੇ ਦਫ਼ਨਾਇਆ।

''ਜਿਸ ਕਾ ਸਾ ਤਿਨਿ ਲੀਆ ਮਿਲਾਇ। ਨਾਨਕ ਭਗਤੀ ਨਾਮਿ ਸਮਾਇ।'' (ਸੁਖਮਨੀ ੨੦)

ਇਹ ਘਟਨਾ ੨੧ ਅਸੂ, ਸੰਮਤ ੧੭੪੫ ਦੀ ਹੈ। ੨੧, ੨੨ ਅੱਸੂ ਨੂੰ ਹਰ ਸਾਲ ਇਥੇ ਬੜਾ ਭਾਰੀ ਜੋੜ ਮੇਲਾ ਸਮਾਗਮ ਹੁੰਦਾ ਹੈ। ਭਿੰਡਰਾਂ ਵਾਲੇ ਸੰਤ ਬਾਬਾ ਗੁਰਬਚਨ ਸਿੰਘ ਜੀ ਖਾਲਸਾ, ਸੰਤ ਕਰਤਾਰ ਸਿੰਘ ਜੀ ਤੇ ਸੰਤ ਜਰਨੈਲ ਸਿੰਘ ਜੀ ਇਸ ਗੁਰਦੁਆਰੇ ਅੰਦਰ ਸਮਾਗਮਾਂ ਸਮੇਂ ਹਾਜ਼ਰੀ ਭਰਦੇ ਰਹੇ ਹਨ। ਉਹ ਇਸ ਅਸਥਾਨ ਨੂੰ 'ਗੁਰਪੁਰੀ' ਆਖਿਆ ਕਰਦੇ ਸਨ।

7. **ਬਾਬਾ ਬੰਦਾ ਸਿੰਘ ਬਹਾਦਰ** : ਸਮਾਣਾ, ਸ਼ਾਹਬਾਦ, ਮੁਸ਼ਤਫਾਬਾਦ ਤੇ ਸਢੌਰਾ ਆਦਿ ਥਾਵਾਂ ਨੂੰ ਫਤਹ ਕਰਦੇ ਤੇ ਜ਼ਾਲਮਾਂ ਨੂੰ ਸੋਧਦੇ ਹੋਏ ਬਾਬਾ ਬੰਦਾ ਸਿੰਘ ਬਹਾਦੁਰ, ਸਿੰਘਾਂ ਸਮੇਤ ਨਾਭੇ ਵੀ ਪੁੱਜੇ। ਇਸ ਅਸ-ਥਾਨ ਦੀ ਮਹਾਨਤਾ ਸੁਣ ਕੇ ਉਹਨਾਂ ਨੇ ਵੀ ਇਥੇ ਸਿਰ ਨਿਵਾਇਆ ਤੇ ਸਰਹੰਦ ਦੀ ਫਤਹ ਲਈ ਅਰਦਾਸ ਕੀਤੀ। ਇਸ ਥਾਂ ਦੀ ਅਰਦਾਸ ਨੇ ਬਾਬਾ ਜੀ ਨੂੰ ਤੇ ਸਿੰਘਾਂ ਨੂੰ ਬੇਅੰਤ ਦਲੇਰੀ ਤੇ ਸੂਰਮਗਤੀ ਬਖਸ਼ੀ।

ਬੰਦੇ ਕੇ ਦਿਲ ਭਾਯੋ ਉਛਾਹਿ। ਭਾਯੋ ਬੰਦੇ ਕਰੋ ਸਤਿਗੁਰ ਕੜਾਹਾ। (ਪੰਥ ਪ੍ਰਕਾਸ਼)

ਤੇ ਉਧਰ ਵਜ਼ੀਰ ਖ਼ਾਂ ਨੂੰ ਇਸ ਤੋਂ ਵੱਧ ਚਿੰਤਾ ਹੋ ਗਈ। ਬਾਬਾ ਬੰਦਾ ਸਿੰਘ ਨੇ ਇਥੋਂ ਹੀ ਇਕ ਚਿੱਠੀ ਲਿਖ ਕੇ ਵਜ਼ੀਰ ਖਾਂ ਨੂੰ ਲਲਕਾਰਾ ਮਾਰਿਆ ਕਿ ਤਕੜਾ ਹੋ ਜਾ, ਗੁਰੂ ਕੀਆਂ ਫ਼ੌਜਾਂ ਆ ਰਹੀਆਂ ਹਨ। ਸਿੰਘ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਣ ਲਈ ਕਚੀਚੀਆਂ ਵਟ ਰਹੇ ਸਨ। ਬਾਬਾ ਜੀ ਨੇ ਉਹਨਾਂ ਨੂੰ ਹੌਸਲਾ ਤੇ ਸਬਰ ਕਰਨ ਲਈ ਤਸੱਲੀ ਦਿੱਤੀ। ਅੰਤ ੨੦-੨੨ ਮਈ ੧੭੧੦ ਨੂੰ ਗੁਰੂਮਾਰੀ ਸਰਹਿੰਦ ਦੇ ਖੋਲੇ ਕਰ ਦਿੱਤੇ ਗਏ।

ਸੋ ਨਾਭਾ ਸਾਹਿਬ ਨਾਲ ਦੋ ਮਹਾਨ ਯੋਧਿਆਂ ਤੇ ਦੋ ਸਤਿਗੁਰਾਂ ਤੇ ਇਕ ਪੀਰ ਦਰਗਾਹੀ ਸ਼ਾਹ ਦਾ ਸੰਬੰਧ ਰਿਹਾ ਹੈ। ਇਸ ਪਵਿੱਤਰ ਅਸਥਾਨ ਤੇ ਕੀਤੀ ਅਰਦਾਸ ਪਰਵਾਨ ਹੁੰਦੀ ਆਈ ਹੈ।

ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ, ਗੁਰਧਾਮਾਂ ਦੀ ਸੇਵਾ ਸੰਭਾਲ ਤੇ ਦਰਸ਼ਨ ਦੀਦਾਰ ਦਾ ਧਿਆਨ ਧਰਦੇ ਹੋਏ ਬੋਲੋ ਜੀ ਵਾਹਿਗੁਰੂ।

---


## ਸਮਾਗਮਾਂ ਸਮੇਂ 'ਸੂਰਾ' ਸਟਾਲ ਦੇ ਨਾਲ ਖ਼ਾਲਸਾ ਕਕਾਰ

ਕੀਰਤਨ ਸਮਾਗਮਾਂ ਸਮੇਂ 'ਸੂਰਾ' ਦੇ ਸਟਾਲ ਦੇ ਨਾਲ ਹੀ ਖਾਲਸਈ ਕਕਾਰ ਕੰਘੇ, ਕੜੇ, ਕਛਹਿਰੇ, ਕਿਰਪਾਨਾਂ ਤੇ ਕੇਸਕੀਆਂ ਆਦਿ ਯੋਗ ਰੇਟਾਂ ਤੇ ਦੇਣ ਲਈ ਭਾਈ ਬਲਵੰਤ ਸਿੰਘ ਜੀ ਖਾਲਸਾ ਫ਼ੀਰੋਜ਼ਪੁਰ ਨੂੰ ਸੇਵਾ ਸੌਂਪੀ ਹੋਈ ਹੈ, ਤਾਂ ਜੁ ਦੂਜੇ ਦੁਕਾਨਦਾਰਾਂ ਦੀ ਲੁਟ-ਘਸੁਟ ਤੋਂ ਸੰਗਤਾਂ ਬਚ ਸਕਣ।





www.AKJ.Org

# ਧਾਰਮਕ ਪੱਖ ਤੋਂ ਸ਼ਰਾਬ

ਧਰਮ ਹੈ ਮਨੁਖ ਦਾ ਰੱਬ ਨਾਲ ਸੰਬੰਧ, ਜਾਂ ਮਨੁਖ ਲਈ ਰੱਬੀ ਪ੍ਰੇਮ ਦਾ ਰਸਤਾ। ਰੱਬੀ ਪ੍ਰੇਮ ਲਈ ਸਦਾਚਾਰਕ ਗੁਣ ਕੰਮ ਆਉਂਦੇ ਹਨ। ਇਨ੍ਹਾਂ ਵਿਚੋਂ ਸੇਵਾ ਤੇ ਕੁਰਬਾਨੀ ਦੋ ਵਿਸ਼ੇਸ਼ ਗੁਣ ਹਨ।

ਸ਼ਰਾਬੀ, ਜੋ ਆਪਣੀ ਹੀ ਰਖਿਆ ਕਰਨ ਦੇ ਭੀ ਸਮਰੱਥ ਨਹੀਂ, ਜਿਸ ਨੂੰ ਆਪਣੀ ਸੇਵਾ ਲਈ ਕਿਸੇ ਹੋਰ ਦੀ ਮੁਥਾਜੀ ਹੈ, ਉਹ ਕਿਸੇ ਮਨੁਖ, ਕੌਮ ਜਾਂ ਜਥੇ ਦੀ ਕੀ ਸੇਵਾ ਕਰ ਸਕਦਾ ਹੈ? ਸੇਵਾ ਦੇ ਸਮੇਂ ਉਹ ਸ਼ਾਇਦ ਪੀ ਕੇ ਗੁਟ ਪਿਆ ਹੋਵੇ ਜਾਂ ਨਸ਼ੇ ਦੀ ਟੋਟ ਨਾਲ ਟੁਟਾ ਹੋਵੇ।

ਕੁਰਬਾਨੀ ਦੀ ਉਸ ਤੋਂ ਆਸ ਨਹੀਂ ਹੋ ਸਕਦੀ। ਭਗਤੀ, ਪ੍ਰੇਮ, ਨਿਯਮ ਦੀ ਪਾਲਣਾ, ਸਵੇਰੇ ਜਾਗਣ, ਸਚਾਈ ਉਤੇ ਪਹਿਰਾ ਦੇਣ, ਆਦਿ ਸਭ ਸਦਗੁਣਾ ਨੂੰ ਉਹ ਨਸ਼ੇ ਦੇ ਵਹਿਣ ਵਿਚ ਰੋੜ੍ਹ ਸੁਟਦਾ ਹੈ।

ਧਰਮ ਦੇਵਤਾ ਬਣਾਉਂਦਾ ਹੈ, ਪਰ ਵਿਚਾਰਾ ਸ਼ਰਾਬੀ ਤਾਂ ਮਨੁਖ ਭੀ ਨਹੀਂ ਰਹਿੰਦਾ, ਕਿਉਂਕਿ ਉਸ ਦੀ ਅਕਲ ਕੰਮ ਨਹੀਂ ਕਰ ਰਹੀ ਹੁੰਦੀ। ਕੇਵਲ ਅਕਲ ਹੀ ਮਨੁਖਾਂ ਨੂੰ ਪਸ਼ੂਆਂ ਤੋਂ ਨਿਖੇੜਦੀ ਹੈ। ਅਜਿਹੀ ਭੈੜੀ ਚੀਜ਼ ਦੇ ਵਿਰੁਧ, ਜੋ ਮਨੁਖ ਦੀ ਸਿਹਤ, ਦਿਮਾਗ, ਵਿਵਹਾਰ, ਸਮਾਜ ਤੇ ਧਰਮ ਵਿਗਾੜੇ, ਜਿੰਨਾ ਵੀ ਪ੍ਰਚਾਰ ਕੀਤਾ ਜਾਏ, ਉਨਾ ਹੀ ਮਨੁਖਤਾ ਦਾ ਭਲਾ ਹੈ। ਮਨੁਖਤਾ ਦਾ ਭਲਾ ਹੀ ਮਨੁਖ ਦਾ ਸਭ ਤੋਂ ਵਡਾ ਧਰਮ ਹੈ।

ਗੁਰੂ ਅਮਰਦਾਸ ਜੀ ਨੇ ਇਹ ਸਭ ਕੁਝ ਅਨੁਭਵ ਕਰਦਿਆਂ ਲਿਖਿਆ ਹੈ:

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ।
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥੧॥੧੬॥ [ਪੰਨਾ ੫੫੪

......ਸ਼ਰਾਬ ਦੀ ਬਹੁਤੀ ਵਰਤੋਂ ਦੀ ਸਮਾਜਕ ਬੀਮਾਰੀ ਨੌਜੁਆਨਾਂ ਤੇ ਮੁੰਡਿਆਂ ਵਿਚ ਪੈਦਾ ਹੋ ਗਈ ਹੈ। ਜਿੰਨੀ ਛੋਟੀ ਉਮਰ ਵਿਚ ਕੋਈ ਸ਼ਰਾਬ ਪੀਣੀ ਅਰੰਭ ਕਰ ਦਿੰਦਾ ਹੈ ਉਨੇ ਹੀ ਭੈੜੇ ਨਤੀਜੇ ਨਿਕਲਦੇ ਹਨ। ਸ਼ਰਾਬ ਸਾਡੀਆਂ ਅੰਤੜੀਆਂ ਨੂੰ ਉਕਸਾਉਂਦੀ ਹੈ, ਫੋੜੇ ਪੈਦਾ ਕਰਦੀ ਹੈ, ਜਿਗਰ ਨੂੰ ਹਾਨੀ ਪਹੁੰਚਾਉਂਦੀ ਹੈ, ਦਿਲ ਦੀਆਂ ਸਮੱਸਿਆਵਾਂ ਉਪਜਾਉਂਦੀ ਹੈ, ਗੁਰਦਿਆਂ ਵਿਚ ਪਥਰੀ ਹੋ ਜਾਂਦੀ ਹੈ ਅਤੇ ਦਿਮਾਗ ਦੀਆ ਤੰਤੀਆਂ ਦੇ ਕਈ ਹਿੱਸਿਆਂ ਦੀ ਹਾਨੀ ਕਰਦੀ ਹੈ ਅਤੇ ਦਿਮਾਗ ਦੇ ਵੀ ਕਈ ਭਾਗਾਂ ਉਤੇ ਇਸ ਦੇ ਬੁਰੇ ਅਸਰ ਹੁੰਦੇ ਹਨ। ਕਿੰਨੀ ਹੈਰਾਨੀ ਹੈ ਕਿ ਹਸਪਤਾਲਾਂ ਵਿਚ ਜੋ ਲੋਕ ਦਿਮਾਗੀ ਬੀਮਾਰੀਆਂ ਦਾ ਇਲਾਜ ਕਰਾ ਰਹੇ ਹਨ ਉਨ੍ਹਾਂ ਵਿਚ ੨੫ ਪ੍ਰਤੀਸ਼ਤ ਉਨ੍ਹਾਂ ਰੋਗਾਂ ਵਿਚ ਫਸੇ ਹੋਏ ਹਨ ਜਿਨ੍ਹਾਂ ਦਾ ਸੰਬੰਧ ਸ਼ਰਾਬ ਨਾਲ ਹੈ।

ਨਸ਼ਿਆਂ ਤੇ ਸਿਗਰਟ ਆਦਿ ਕਰਕੇ ਮਨੁਖ ਜਾਤੀ, ਮਨ ਦੀ ਅਜਿਹੀ ਘਬਰਾਈ ਹੋਈ ਦਸ਼ਾ ਵਿਚ ਹੈ ਕਿ ਵਧ ਤੋਂ ਵਧ ਤੇ ਵਡੀਆਂ ਤੋਂ ਵਡੀਆਂ ਚਿਤਾਵਨੀਆਂ ਤੇ ਖਬਰਦਾਰੀਆਂ ਕਰਨੀਆਂ ਵਿਅਰਥ ਜਾ ਰਹੀਆਂ ਹਨ। ਮਨੁਖ ਦਾ ਦ੍ਰਿਸ਼ਟੀਕੋਣ ਧੁੰਦਲਾ ਹੋਇਆ ਪਿਆ ਹੈ, ਕਿਉਂਕਿ ਕੁਝ ਗਲਤ ਚੀਜ਼ਾਂ ਦੀ ਵਰਤੋਂ, ਨਸ਼ਿਆਂ ਤੇ ਜੀਵਨ ਦੀਆਂ ਚਿੰਤਾਵਾਂ ਨੇ ਉਸ ਦੀ ਮਾਨਸਿਕ ਸ਼ਕਤੀ ਨੂੰ ਕਮਜ਼ੋਰ ਕਰ ਦਿਤਾ ਹੈ।

[ਪ੍ਰਿੰ: ਸਰਮੁਖ ਸਿੰਘ ਜੀ ਅਮੋਲ ਦੇ ਲੇਖ "ਕੀ ਸ਼ਰਾਬ ਸਭਿਅਤਾ ਦਾ ਜ਼ਰੂਰੀ ਅੰਗ ਹੈ?" ਵਿਚੋਂ

---

## ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ (ਨਿਤਨੇਮ ਸਕੀਮ)

ਇਸ ਸਕੀਮ ਅਧੀਨ ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਰਹਿਤਵਾਨ ਬੱਚੇ ਬੱਚੀਆਂ ਦੀ ਪ੍ਰੀਖਿਆ ਦਿਲੀ ਦੁਸਹਿਰੇ ਕੀਰਤਨ ਸਮਾਗਮ ਸਮੇਂ ਹੋਵੇਗੀ। ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਬੱਚੇ ਲੁੜੀਂਦੇ ਫ਼ਾਰਮ ਭਾਈ ਬਲਬੀਰ ਸਿੰਘ ਜੀ 23-ਜੀ, ਸਰਾਭਾ ਨਗਰ ਲੁਧਿਆਣਾ ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ ਵਾਪਸ ਉਸੇ ਪਤੇ ਤੇ ਲੁਧਿਆਣੇ 15 ਸਤੰਬਰ ਤਕ ਭੇਜ ਦੇਣ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ—

| | |
|---|---|
| ਸ: ਹਰਬੰਸ ਸਿੰਘ ਮਿਸਰੀ ਵਾਲੇ, ਅੰਮ੍ਰਿਤਸਰ | ੧੫੦-੦੦ |
| ਸ: ਪ੍ਰੇਮ ਸਿੰਘ, ਦਿਲੀ | ੨੪੦-੦੦ |
| ਸ: ਅਮਰੀਕ ਸਿੰਘ, ਕਾਨਪੁਰ | ੧੦੦੦-੦੦ |
| ਸ: ਚਰਨਜੀਤ ਸਿੰਘ; ਕਾਨਪੁਰ | ੩੦੦-੦੦ |
| ਸ: ਕੁਲਜੀਤ ਸਿੰਘ, ਕਾਨਪੁਰ | ੨੦੦-੦੦ |
| ਸ: ਪ੍ਰਦੱਮਨ ਸਿੰਘ, ਜਲੰਧਰ | ੧੦੦-੦੦ |
| ਬੀ: ਕੁਲਜੀਤ ਕੌਰ, ਅੰਮ੍ਰਿਤਸਰ (ਕੈਪਟਨ ਮਨਜੀਤ ਸਿੰਘ ਲਈ ਅਰਦਾਸ) | ੫੦੦-੦੦ |
| ਸ: ਰਾਮ ਸਿੰਘ ਖਾਲਸਾ, ਮਸਕਟ | ੪੨੫-੦੦ |
| ਸ: ਕਿਰਪਾਲ ਸਿੰਘ, ਲੁਧਿਆਣਾ | ੧੧-੦੦ |
| ਸ: ਸਾਧੂ ਸਿੰਘ, ਬਹਿਬਲਪੁਰ (ਹੁਸ਼ਿਆਰਪੁਰ) | ੫੦-੦੦ |
| ਗੁਪਤ ... ... | ੧੦੦੦-੦੦ |
| ਗੁਪਤ ... ... | ੯੦-੦੦ |
| ਸ: ਸੰਤੋਖ ਸਿੰਘ, ਚੌਂਤਾ | ੧੦੦-੦੦ |
| ਸ: ਫ਼ੌਜਿੰਦਰ ਸਿੰਘ, ਮੋਹਾਲੀ | ੫੦੦-੦੦ |
| ਬੀ: ਅਮਨਪ੍ਰੀਤ ਕੌਰ ਸਿਮਰਜੀਤ ਸਿੰਘ, ਮੋਹਾਲੀ | ੩੧੧-੦੦ |
| ਗਿਆਨੀ ਅਰਜਨ ਸਿੰਘ, ਸਲੋਅ ਯੂ.ਕੇ. | ੫੦੦-੦੦ |
| ਸ: ਪ੍ਰੀਤਮ ਸਿੰਘ ਜੋਗੀ, ਸਲੋਅ ,, | ੨੭੫-੦੦ |
| ਸ: ਕੇਵਲ ਸਿੰਘ ਗਰਚਾ, ਸਲੋਅ ,, | ੨੧੨੫-੦੦ |
| ਸ: ਮਲਕੀਅਤ ਸਿੰਘ, ਸਲੋਅ ,, | ੫੦੦-੦੦ |
| ਸਾਧ ਸੰਗਤ ਗਰੇਵਜ਼ੈਂਡ ,, | ੨੮੦੦-੦੦ |
| ਸਾਧ ਸੰਗਤ ਹਡਰਜ਼ਫੀਲਡ (ਰੈਣ ਸਬਾਈ ਸਮੇਂ) | ੩੫੦੦-੦੦ |
| ਸ: ਸਤਬਿੰਦਰ ਸਿੰਘ, ਲੇਟਨ-ਲੰਡਨ ਯੂ.ਕੇ. | ੨੫੨੫-੦੦ |
| ਬੀ: ਬਲਬੀਰ ਕੌਰ ਸੁਰਿੰਦਰ ਸਿੰਘ ਰੇਡਿੰਗ ,, | ੭੫੦-੦੦ |
| ਲੈਂਸ ਨੈਕ ਮੋਹਨ ਸਿੰਘ ਖਾਲਸਾ, ੨੩ ਪੰਜਾਬ | ੭੫-੦੦ |
| ਸਾਧ ਸੰਗਤ ਕੋਪਨਹੈਗਨ ਡੈਨਮਾਰਕ | ੩੫੧੧-੦੦ |
| ਪਾਲ ਐਂਡ ਕੰਪਨੀ, ਸਹਾਰਨਪੁਰ | ੧੦੦੦-੦੦ |
| ਸ੍ਰੀਮਤੀ ਜਸਵੰਤ ਕੌਰ ਡਾਲੀ,ਵੈਸਟ ਮਿਡਲੈਂਡ ਯੂਕੇ | ੧੯੩੫-੦੦ |
| ਸ: ਚਰਨ ਸਿੰਘ, ਬਰਮਿੰਘਮ ਯੂ ਕੇ | ੩੧੭-੦੦ |
| ਸ: ਹਰਦਿਆਲਸਿੰਘ ਭੋਗਲ ਯੂਕੇ (ਚੜ੍ਹਾਵਾ ਪਾਠ) | ੧੩੧੭-੦੦ |
| ਗੁਪਤ ਬੀਬੀਆਂ ਵਲੋਂ | ੧੩੧੭-੦੦ |
| ਸ: ਮਨਜੀਤ ਸਿੰਘ ਧਾਮੀ, ਬਰਮਿੰਘਮ ਯੂ ਕੇ | ੨੯੩੪-੦੦ |
| ਸਾਧ ਸੰਗਤ ਰੇਡਿੰਗ ਯੂ ਕੇ (ਕੀਰਤਨ ਭੇਟ) | ੧੩੦੦-੦੦ |
| ਸ: ਸਤਨਾਮ ਸਿੰਘ, ਸਾਊਥਾਲ ਯੂ ਕੇ | ੫੦੦-੦੦ |
| ਸ: ਪਰਬੀਨ ਸਿੰਘ, ਸਾਊਥਾਲ ਯੂ ਕੇ | ੫੦੦-੦੦ |
| ਸ: ਚਰਨਜੀਤ ਸਿੰਘ ਪਢਾ. ਈਸਟਹੈਮ ਲੰਡਨ | ੧੪੫੦-੦੦ |
| ਬੀ: ਦੇਬੋ ਕੌਰ ਪਰਮਜੀਤ ਸਿੰਘ, ਈਸਟਹੈਮ ਲੰਡਨ | ੨੪੦-੦੦ |
| ਬੀ.ਸੁਖਵਿੰਦਰਕੌਰ,ਹਰਜੀਤਸਿੰਘ,ਮੈਨਰਪਾਰਕਲੰਡਨ | ੧੨੫੦-੦੦ |
| ਬੀ: ਕੁਲਵੰਤ ਕੌਰ, ਮੈਨਰ ਪਾਰਕ ਲੰਡਨ | ੮੭੫-੦੦ |
| ਸ: ਲਹਿੰਬਰ ਸਿੰਘ, ਸਲੋਅ ਯੂ ਕੇ | ੧੨੫੦-੦੦ |
| ਸ: ਸੁਖਦੇਵ ਸਿੰਘ, ਪਟਿਆਲਾ (ਹੜ੍ਹ ਪੀੜਤ ਫੰਡ) | ੧੦੧-੦੦ |
| ਭਾ: ਇੰਦਰ ਸਿੰਘ ਸ਼ਿਮਲਾ (ਮਦਰਾਸੀ ਪ੍ਰਵਾਰ ਵਾਸਤੇ ੧੯੯੦ ਦੇ ਸਾਲ ਲਈ) | ੧੨੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀ: ਸੁਰਜੀਤ ਕੌਰ ਪਤਨੀ ਸ: ਮਹਿੰਦਰ ਸਿੰਘ ਸਠਿਆਲੀ (ਪਤੀ ਜੇਲ੍ਹ, ਕੇਸ ਦੀ ਪੈਰਵੀ ਤੇ ਘਰੇਲੂ ਲੋੜਾਂ) | 5000-00 |
| ਬੀ: ਹਰਭਜਨ ਕੌਰ ਪਤਨੀ ਸ: ਅਜੀਤ ਸਿੰਘ, ਕਾਲਾ ਸੰਘਿਆ ( ,, ,, ,, ,, ) | 5000-00 |
| ਭਾਈ ਜਸਵੰਤ ਸਿੰਘ, ਪਿੰਡ ਚੋਗਾਵਾਂ, (ਪੁਲਸ-ਮਾਰ ਨਾਲ ਸਰੀਰ ਨਕਾਰਾ, ਘਰੋਗੀ ਲੋੜਾਂ) | 5000-00 |
| ਬੀ: ਸ਼ਰਨਜੀਤ ਕੌਰ ਪਤਨੀ ਸ: ਸਤਵੰਤ ਸਿੰਘ, ਰਾਮਪੁਰ ਬਲ (ਅੰਮ੍ਰਿਤਸਰ) (ਪਤੀ ਜੇਲ੍ਹ, ਕੇਸ ਦੀ ਪੈਰਵੀ) | 5000-00 |
| ਬੀ: ਮਹਿੰਦਰ ਕੌਰ ਮਾਤਾ ਜਗਬੀਰ ਸਿੰਘ, ਅੰਮ੍ਰਿਤਸਰ (ਪੁਤਰ ਜੇਲ੍ਹ, ਕੇਸ ਪੈਰਵੀ ਤੇ ਲੋੜਾਂ) | 5000-00 |
| ਭਾਈ ਜਸਵੰਤ ਸਿੰਘ ਪੁਤਰ ਸ: ਵਰਿਆਮ ਸਿੰਘ, ਚੋਗਾਵਾਂ (ਪੁਲਸ ਹਿਰਾਸਤ ਵਿਚ ਤੇ ਘਰੇਲੂ ਲੋੜਾਂ) | 5000-00 |
| ਬੀ: ਬਲਬੀਰ ਕੌਰ ਪਤਨੀ ਸ਼ਹੀਦ ਬਲਵਿੰਦਰ ਸਿੰਘ, ਬਠਿੰਡਾ (ਬਚਿਆਂ ਦੀ ਪੜ੍ਹਾਈ ਅਤੇ ਘਰੋਗੀ ਲੋੜਾਂ) | 5000-00 |
| ਬੀ: ਜਸਬੀਰ ਕੌਰ ਪਤਨੀ ਸ਼ਹੀਦ ਕੁਲਵੰਤ ਸਿੰਘ, ਨਾਗੋਕੇ (ਬਚਿਆਂ ਦੀ ਪੜ੍ਹਾਈ ਤੇ ਘਰੋਗੀ ਲੋੜਾਂ) | 5000-00 |
| ਬੀ: ਜੀਤ ਕੌਰ ਪਤਨੀ ਭਾਈ ਸੁਰਿੰਦਰ ਸਿੰਘ, ਨਾਗੋਕੇ (ਬੱਚਿਆਂ ਦੀ ਪੜ੍ਹਾਈ ਤੇ ਘਰੋਗੀ ਲੋੜਾਂ) | 5000-00 |
| ਬੀ: ਸੁਖਵਿੰਦਰ ਕੌਰ ਪਤਨੀ ਭਾਈ ਪਰਮਜੀਤ ਸਿੰਘ ਤ੍ਰਸਿਕਾ (ਪਤੀ ਲਾ-ਪਤਾ, ਚਾਰ ਬਚੇ, ਗੁਜ਼ਾਰਾ ਮੁਸ਼ਕਲ) | 5000-00 |
| ਭਾਈ ਗੁਰਨਾਮ ਸਿੰਘ, ਦਾਸੂਵਾਲ (ਅੰਮ੍ਰਿਤਸਰ) (ਹੜਾਂ ਦੀ ਤਬਾਹੀ ਕਾਰਨ ਘਰੋਗੀ ਲੋੜਾਂ ਲਈ) | 3000-00 |
| ਸ: ਸਰਬਜੀਤ ਸਿੰਘ ਜ਼ਖਮੀ ਬੰਬ ਕਾਂਡ, ਕਟੜਾ ਜੈਮਲ ਸਿੰਘ (ਮਾਸਕ ਸਹਾਇਤਾ) | 400-00 |
| ਫ਼ੌਜੀ ਤੇ ਸ਼ਹੀਦੀ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ 2+6+5+2+1+8+8=32 | 6650-00 |
| ਸਰਦਾਰਨੀ ਅਮਰ ਕੌਰ ਪਤਨੀ ਗੁਰਪੁਰ ਵਾਸੀ ਭਾਈ ਭਜਨ ਸਿੰਘ ਜੀ (ਮਦਰਾਸੀ ਪਰਵਾਰ) | 500-00 |

www.AKJ.Org

## ਚੰਡੀਗੜ੍ਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਸਾਲਾਨਾ ਸਮਾਗਮ

### 31.8.89 ਵੀਰਵਾਰ ਸਵੇਰ ਤੋਂ 3.9.89 ਐਤਵਾਰ ਸਵੇਰ ਤਕ

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਗੁਰਪੁਰਬ ਚੰਡੀਗੜ੍ਹ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਕਟਰ 19-ਡੀ (ਬਸ ਸਟੈਂਡ ਸੈਕਟਰ 17 ਤੋਂ ਡੇਢ ਕਿਲੋਮੀਟਰ) ਵਿਖੇ ਹੋ ਰਹੇ ਹਨ।

31.8.89 ਸਵੇਰੇ 3 ਤੋਂ 5 ਅਖੰਡ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ

1.9.89 ਸਵੇਰੇ 5 ਤੋਂ 11 ਅਖੰਡ ਕੀਰਤਨ, ਸ਼ਾਮ 6 ਤੋਂ 8-30 ਅਖੰਡ ਕੀਰਤਨ

2.9.89 ਸਵੇਰੇ 4 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਇਕ ਵਜੇ ਤਕ ਕੀਰਤਨ, 6 ਵਜੇ ਸ਼ਾਮ ਅੰਮ੍ਰਿਤ ਸਿੰਚਾਰ ਅਰੰਭ, ਸ਼ਾਮ 6-30 ਰੈਣ ਸਬਾਈ ਕੀਰਤਨ ਅਰੰਭ, ਸਮਾਪਤੀ 3.9.89 ਸਵੇਰੇ 8 ਵਜੇ।

ਨੋਟ—ਸੰਗਤਾਂ ਦੀ ਰਿਹਾਇਸ਼ ਗੁ: ਸ੍ਰੀ ਗੁਰੂ ਸਿੰਘ ਸਭਾ, ਸੈਕਟਰ 19-ਡੀ ਵਿਖੇ ਹੋਵੇਗੀ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ—ਮੋਹਾਲੀ

## ਬਟਾਲਾ ਵਿਖੇ ਸਾਲਾਨਾ ਸਮਾਗਮ 7 ਤੋਂ 10 ਸਤੰਬਰ ਐਤਵਾਰ ਤਕ, ਵੇਰਵਾ ਸਤੰਬਰ ਸੂਰਾ ਵਿਚ

## ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ਜਨਮ-ਸ਼ਤਾਬਦੀ ਸਮਾਗਮ-ਟਰਾਂਟੋ (ਕੈਨੇਡਾ) ਵਿਖੇ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਉਚੇ ਸੁਚੇ ਖਾਲਸਈ ਅਤੇ ਸੰਤ ਸਿਪਾਹੀ ਵਾਲੇ ਜੀਵਨ ਦੀ ਖਿਚ ਕਾਰਨ ਸੰਗਤਾਂ ਦੂਰ ਦੂਰ ਤੋਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਤੋਂ ਸਮਾਗਮ ਵਿਚ ਪੁਜੀਆਂ। 29 ਜੂਨ ਤੋਂ 1 ਜੁਲਾਈ ਤਕ ਸ੍ਰੀ ਅਖੰਡਪਾਠ ਹੋਏ। ਇਕ ਜੁਲਾਈ ਰਾਤ ਨੂੰ ਅੰਮ੍ਰਿਤ ਸਿੰਚਾਰ ਅਤੇ ਰੈਣ ਸਬਾਈ ਸਮਾਗਮ ਬੜਾ ਚੜ੍ਹਦੀਆਂ ਕਲਾ ਵਿਚ ਨਾਮ-ਰੰਗਾਂ ਵਿਚ ਹੋਇਆ। ਭਾਈ ਸਾਹਿਬ ਦੇ ਨਿਕਟਵਰਤੀ ਸਾਥੀ ਭਾਈ ਜੀਵਨ ਸਿੰਘ, ਭਾਈ ਪ੍ਰੀਤਮ ਸਿੰਘ ਚਾਨੀ ਜੀ, ਡਾ: ਦਰਸ਼ਨ ਸਿੰਘ, ਡਾ: ਹਰਦਿਆਲ ਸਿੰਘ, ਮਾਸਟਰ ਉਜਾਗਰ ਸਿੰਘ ਖਾਲਸਾ ਆਦਿ ਨੇ ਬੜੀ ਤਨ-ਦੇਹੀ ਨਾਲ ਸੇਵਾ ਕਰ ਕੇ ਸਮਾਗਮ ਨੂੰ ਸਫਲਾ ਕੀਤਾ। ਇਹ ਸੂਚਨਾ ਭਾਈ ਰਾਜਿੰਦਰ ਸਿੰਘ ਨੇ ਸਨਫਰਾਂਸਿਸਕੋ ਅਮਰੀਕਾ ਤੋਂ ਭੇਜੀ ਹੈ।

## ਹਕੀਮ ਖ਼ਜਾਨ ਸਿੰਘ ਜੀ ਨਮਿਤ ਸਮਾਗਮ

ਪੁਰਾਤਨ ਗੁਰਸਿਖ ਹਕੀਮ ਖ਼ਜ਼ਾਨ ਸਿੰਘ ਚੋਲ੍ਹਟਾ ਕਲਾਂ (ਰੋਪੜ) 12.7.89 ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨਮਿਤ ਕੋਠੀ ਨੰਬਰ 393, ਫ਼ੇਜ਼ 3-ਏ, ਮੋਹਾਲੀ ਵਿਖੇ 6.8.89 ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਚੋਲ੍ਹਟਾ ਕਲਾਂ ਵਿਖੇ 26.8.89 ਸ਼ਨੀਵਾਰ ਰਾਤ ਨੂੰ ਰੈਣ ਸਬਾਈ ਵਿਚ ਵਿਛੜੀ ਰੂਹ ਨੂੰ ਅਸੀਸੜੀਆਂ ਦਿਤੀਆਂ ਜਾਣਗੀਆਂ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੇਡਿੰਗ ਤੋਂ ਸੂਚਿਤ ਕਰਦੇ ਹਨ—

27-8-89 ਐਤਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ, ਸਾਊਥਾਲ ਵਿਖੇ

ਭਾ: ਸਤਨਾਮ ਸਿੰਘ ਫ਼ੋਨ 01-571-4690 ਅਤੇ ਭਾ: ਸਤਬੀਰ ਸਿੰਘ 01-574-8349

8 ਤੋਂ 10 ਅਗਸਤ ਸ੍ਰੀ ਅਖੰਡਪਾਠ ਭਾਈ ਬਲਬੀਰ ਸਿੰਘ, 41-ਡਡਲੀ ਰੋਡ, ਸਾਊਥਾਲ ਵਿਖੇ, ਫ਼ੋਨ 01-843-1692

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤਗੁਰਮਤਿਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਅੰਧੇਰਾ | ੦-੩੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿਘ | ੦-੨੫ |

ਪਤਾ—ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ



www.AKJ.Org